# ਰੇਡੀਓ ਲੜੀਵਾਰ:ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ 29 ਚਰਚਾ – ਆਪਸੀ ਵਾਰਤਾਲਾਪ

**(Interactive Episode)**

**ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ**

(In this interactive episode, we have discussed the gist of the previous 20 to 28 episodes on climate change, in brief. Only two Characters in the form of Male and Female narrator are discussing the issues taken up in each of the previous 9 episodes discuss the major issues raised therein. There is an effort to make more clarifications on the various concepts, science behind the same and the action points focused through the said episodes that discuss the visible impact and the other harmful and the beneficial impact of climate change . Questions have been raised and answers have been given in the form of reply through the dialogue between the duet. In the end, certain questions have been proposed the answers to which are to be provided by the artists on the basis of expert advice/data or even by the experts appearing and talking to the audience)

(ਇਸ ਆਪਸੀ ਵਿਚਾਰ ਵਟਾਂਦਰਾ/ਚਰਚਾ ਦੀ ਕੜੀ ਵਿੱਚ ਅਸੀਂ ਜਲਵਾਯੂ ਪਰਿਵਰਤਨ ਨਾਲ ਸਬੰਧਤ 20 ਤੋਂ 28 ਕੜੀਆਂ ਦਾ ਤੱਤ ਸਾਰ ਸੰਖੇਪ ਵਰਨਣ ਕੀਤਾ ਹੈ। ਇਹ ਕੜੀ ਕੇਵਲ ਦੋ ਪਾਤਰਾਂ ਪੁਰਸ਼ ਸੂਤਰਧਾਰ ਤੇ ਔਰਤ ਸੂਤਰਧਾਰ ਵਿੱਚ ਹੋ ਰਹੇ ਆਪਸੀ ਵਾਰਤਾਲਾਪ ਰਾਹੀਂ ਪੂਰਬਲੀਆਂ ਨੌਂ ਕੜੀਆਂ ਵਿੱਚ ਉਭਾਰੇ ਗਏ ਮੁਦਿਆਂ 'ਤੇ ਚਰਚਾ ਹੈ। ਇਨ੍ਹਾਂ ਨੌਂ ਕੜੀਆਂ ਰਾਹੀਂ ਮੁੱਖ ਤੌਰ 'ਤੇ ਕੇਂਦਰ ਬਿੰਦੂ ਬਣਾਏ ਮੁੱਦਿਆਂ, ਜਲਵਾਯੂ ਬਦਲਾਅ ਦੇ ਜਾਹਰਾ ਪ੍ਰਭਾਵ ਅਤੇ ਇਸਦੇ ਨੁਕਸਾਨਦਾਇਕ ਤੇ ਫਾਇਦੇਮੰਦ ਪੱਖਾਂ ਵਿਚਲੀਆਂ ਧਾਰਨਾਵਾਂ, ਉਨ੍ਹਾਂ ਦੇ ਪਿੱਛੇ ਕੰਮ ਕਰਦੇ ਵਿਗਿਆਨਿਕ ਨਿਯਮਾਂ ਅਤੇ ਕਰਤ ਬਿੰਦੂਆਂ 'ਤੇ ਹੋਰ ਵਧੇਰੇ ਸਪਸ਼ਟੀਕਰਨ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਈ ਪ੍ਰਸ਼ਨ ਉਠਾਏ ਗਏ ਹਨ ਅਤੇ ਉਨ੍ਹਾਂ ਦੇ ਜਵਾਬ ਇਸ ਜੋੜੀ ਦੀ ਆਪਸੀ ਗੱਲ ਬਾਤ ਦੇ ਰਾਹੀਂ ਦਿੱਤੇ ਗਏ ਹਨ! ਅੰਤ ਵਿੱਚ ਕਈ ਹੋਰ ਪ੍ਰਸ਼ਨ ਤਜਵੀਜ਼ ਕੀਤੇ ਗਏ ਹਨ, ਜਿਨ੍ਹਾਂ ਦੇ ਉੱਤਰ ਮਾਹਰਾਂ ਦੀ ਰਾਏ ਅਨੁਸਾਰ ਸਾਡੇ ਕਲਾਕਾਰ ਦੇਣਗੇ ਜਾਂ ਫਿਰ ਮਾਹਰ ਵੀ ਖੁਦ ਪੇਸ਼ ਹੋ ਕੇ ਸ੍ਰੋਤਿਆਂ ਨਾਲ ਚਰਚਾ ਦੇ ਰੂਪ ਵਿੱਚ ਇਹ ਜਵਾਬ ਦੇਣਗੇ)

**ਪਾਤਰ**

**ਔਰਤ ਸੂਤਰਧਾਰ**

**ਮਰਦ ਸੂਤਰਧਾਰ**

**ਸ਼ੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫ਼ਿਜ਼ਾਏਂ ......

**ਸੰਗੀਤ......**

**ਐਲਾਨ** : ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਲੜੀਵਾਰ **"ਕਿਉਂ ਬਦਲ ਰਹੀ ਹੈਂ ਫ਼ਿਜ਼ਾਏਂ" ਦੀ ਉਨੱਤੀਵੀਂ ਕੜੀ "ਚਰਚਾ – ਆਪਸੀ ਵਾਰਤਾਲਾਪ"।**

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਮੁੜ ਸੁਣਾਇਆ ਜਾਵੇਗਾ)**

**ਔਰਤ ਸੂਤਰਧਾਰ** : ਹਾਂ ਜੀ। ਪਿਆਰੇ ਸ੍ਰੋਤਿਓ ...ਸੁਆਗਤ ਹੈ ਜੀ ਤੁਹਾਡਾ ਸਭ ਦਾ ਅੱਜ ਦੇ "**ਜਲਵਾਯੂ ਬਦਲਾਅ ਦੀ ਵਿਗਿਆਨ**" ਦੇ ਲੜੀਵਾਰ "**ਕਿਉਂ ਬਦਲ ਰਹੀ ਹੈਂ ਫ਼ਿਜ਼ਾਏਂ**" ਦੀ **ਉਨੱਤੀਵੀਂ** ਕੜੀ ਵਿੱਚ।

**ਮਰਦ ਸੂਤਰਧਾਰ** : ਹਾਂ! ਇਸ ਲੜੀਵਾਰ "**ਕਿਉਂ ਬਦਲ ਰਹੀ ਹੈਂ ਫ਼ਿਜ਼ਾਏਂ**" ਦੀ ਪਿਛਲੀ ਕੜੀ , 'ਆਪਣਾ ਮੂੰਹ ਨਾ ਮੋੜੋ' ਵਿੱਚ ਕੀਤੀ ਸੀ ਅਸੀਂ ਚਰਚਾ ਤੇ ਸੁਣਾਈ ਸੀ ਕਹਾਣੀ ਸਪਸ਼ਟੀਕਰਨਾਂ ਦੀ ਜਿਹੜੇ ਲੋੜੀਂਦੇ ਨੇ ਸਾਡੀ ਪੜ੍ਹੀ ਲਿਖੀ ਤੇ ਸਾਹਿਤ ਰਚਣ ਵਾਲੀ ਪੀੜ੍ਹੀ ਦੇ ਵਾਸਤੇ ਤਾ ਕਿ ਉਹ ਆਪਣੀਆਂ ਲਿਖਤਾਂ ਰਾਹੀਂ ਕਰ ਸਕਣ ਸੁਚੇਤ ਲੁਕਾਈ ਨੂੰ ਇਨ੍ਹਾਂ ਬਦਲਦੀਆਂ ਫ਼ਿਜ਼ਾਵਾਂ ਦੇ ਬਾਬਤ !

**ਔਰਤ ਸੂਤਰਧਾਰ** : ਹਾਂ ਜੀ! ਹੋਈ ਸੀ ਚਰਚਾ ਉਸ ਨੋਕ ਝੋਂਕ ਰਾਹੀਂ ਜਿਹੜੀ ਛਿੜੀ ਸੀ ਲੇਖਕ ਅਤੇ ਵਿਗਿਆਨੀਆਂ ਦੇ ਦਰਮਿਆਨ ! ਲੇਖਕ ਕਹਿੰਦੇ ਸੀ ਵਿਗਿਆਨ ਪੰਜਾਬੀ ਵਿੱਚ ਜੇ ਹੁੰਦੀ ਤਾਂ ਪੈ ਜਾਂਦੀ ਸਮਝ ਹਰ ਇੱਕ ਦੇ !

**ਮਰਦ ਸੂਤਰਧਾਰ**:ਉਥੇ ਤਾਂ ਗੱਲ ਇਹ ਵੀ ਹੋਈ ਸੀ ਕਿ ਕਈ ਕਈ ਦਿਨ ਬਹੁਤ ਜਿਆਦਾ ਸਰਦੀ ਪੈਂਦੀ ਹੈ ਜਿਸ ਕਰਕੇ ਆਲਮੀ ਤਪਸ਼ ਦਾ ਸਿਧਾਂਤ ਕਿੰਨਾ ਕੁ ਵਾਜਬ ਹੈ !

**ਔਰਤ ਸੂਤਰਧਾਰ** : ਪਰ ਸੁਣੇ ਸਨ ਅਸੀਂ ਕਿੱਸੇ ਆਸਟਰੇਲੀਆ ਦੇ ਉਸ ਚੂਹੇ ਮੈਲੋਮਿਸ ਦੇ ਜੋ ਸਮੁੰਦਰ ਦੇ ਚੜ੍ਹਣ ਕਾਰਨ , ਖੁਡਾਂ ਵਿੱਚ ਭਰੇ ਪਾਣੀ ਨੇ ਕਰ ਦਿੱਤੇ ਖਤਮ ! ਉਸ ਵਿਚਾਰੇ ਨੂੰ ਤਾਂ ਪਤਾ ਹੀ ਨਹੀਂ ਸੀ ਕਿ 'ਬੱਕਰੇ ਦੀ ਮਾਂ ਕਦ ਕਦ ਖੈਰ ਮਨਾਏਗੀ', ਸਮੁੰਦਰ ਜਲ ਦੇ ਚੜ੍ਹਾਅ ਤੋਂ ਬਚਣ ਦੇ ਲਈ ਉਸਦੀਆਂ ਉਚੇ ਥਾਂ ਤੇ ਬਣਾਈਆਂ ਖੁੱਡਾਂ ਵਿੱਚ ਵੀ ਵੜ ਜਾਵੇਗਾ ਪਾਣੀ ! ਖਤਮ ਹੋ ਜਾਵੇਗਾ ਉਸਦਾ ਰੈਣ ਬਸੇਰਾ !

**ਮਰਦ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ 2007 ਤੱਕ ਹੀ ਸੰਸਾਰ ਦੇ 39 ਵੱਡੇ ਸ਼ਹਿਰ ਜਿਨ੍ਹਾਂ ਵਿੱਚ ਇੱਕ ਕਰੋੜ ਤੋਂ ਵੱਧ ਵਸੋਂ ਵਾਲੇ 12 ਮਹਾਂਨਗਰ ਸਨ , ਸਮੁੰਦਰ ਦੇ 100 ਕਿਲੋ ਮੀਟਰ ਦੇ ਦਾਇਰੇ ਵਿੱਚ ਹਨ ਤੇ ਸਮੁੰਦਰ ਦੀ ਚੜ੍ਹਦੇ ਜਲ ਪੱਧਰ ਦੀ ਮਾਰ ਹੇਠ ਹਨ !

**ਔਰਤ ਸੂਤਰਧਾਰ** : ਹੋਈ ਸੀ ਗੱਲ ਕਿ ਪਿਛਲੀ ਅੱਧੀ ਸਦੀ ਵਿੱਚ ਹੀ ਤਾਪਮਾਨ ਵਧਣ ਦੀ ਦਰ ਦੁਗੱਣੀ ਹੋ ਗਈ ! ਬਰਫ ਦੀਆਂ ਚਾਦਰਾਂ ਦੀ ਅਲਬਿਡੋ ਘਟ ਗਈ , ਯਾਣੀ ਚਮਕਦੀ ਬਰਫ ਜਿਹੜੀ ਸੂਰਜ ਦੀ

ਗਰਮੀ ਨੂੰ ਵਾਪਸ ਪ੍ਰਾਵਰਤਤ ਕਰ ( ਮੋੜ) ਦਿੰਦੀ ਸੀ ਹੁਣ ਪਿਘਲ ਜਾਣ ਕਰਕੇ ਅਜਿਹਾ ਕਰਨੋ ਹੋ ਗਈ ਅਸਮਰੱਥ !

**ਮਰਦ ਸੂਤਰਧਾਰ:** ਹੋਈ ਸੀ ਚਰਚਾ ਕਿ ਗਰੀਨਲੈਂਡ ਦੀ ਬਰਫਾਨੀ ਚਾਦਰ 1993 ਤੋਂ 2003 ਤੱਕ 50 ਤੋਂ 10,000 ਕਰੋੜ ਟਨ ਹਰ ਸਾਲ ਘੱਟ ਜਾਂਦੀ ਹੈ ਤੇ ਇਹ ਦਰ ਹੁਣ ਹੋਰ ਵੀ ਜਿਆਦਾ ਹੋ ਗਈ ਹੈ !

**ਔਰਤ ਸੂਤਰਧਾਰ :** ਸੁਣਾਈ ਸੀ ਕਹਾਣੀ ਵਿਸ਼ਾਲ ਕਾਇ ਪਰਿਆਵਰਣੀ ਪ੍ਰਣਾਲੀ ਵਾਲੀ ਆਸਟਰੇਲੀਆ ਦੀ ਵੱਡੀ ਧੁੱਸੀ ਚਟਾਨ ਦੀ, ਜਿਸ ਵਿੱਚ ਨੇ 1500 ਪ੍ਰਜਾਤੀਆਂ ਮੱਛੀਆਂ ਦੀਆਂ ਤੇ 4000 ਮੂੰਗਿਆਂ ਦੀਆਂ, ਪਿਛਲੇ 50 ਸਾਲ ਦੌਰਾਨ ਸਮੁੰਦਰੀ ਤੇਜਾਬੀਪਨ ਦੇ ਵਧਣ ਨਾਲ ਅੱਧੀ ਰਹਿ ਗਈ !

**ਮਰਦ ਸੂਤਰਧਾਰ:** ਸੁਣ ਲਿਆ ਸੀ ਤੁਸੀਂ ਸੱਚ ਕਿ ਵਰਖਾ ਦਾ ਬਦਲਦਾ ਰੁਖ ਤਬਾਹ ਕਰ ਦੇਵੇਗਾ ਸਾਡੀ ਭੋਜਨ ਵਿਵਸਥਾ ਨੂੰ , ਅਸੀਂ ਜਾਣਦੇ ਹਾਂ ਕਿ ਜੇ ਫੱਗਣ (ਫਰਵਰੀ-ਮਾਰਚ) ਵਿੱਚ ਤਾਪਮਾਨ ਵਧ ਜਾਵੇ ਤਾਂ ਕਣਕ ਦੇ ਦਾਣੇ ਮਾਜੂ ਪੈ ਜਾਂਦੇ ਨੇ ! ਝਾੜ ਘਟ ਜਾਂਦਾ ਹੈ ! ਭੋਜਨ ਪਦਾਰਥ ਘਟਣ ਨਾਲ ਕੀਮਤਾਂ ਅਸਮਾਨੇ ਚੜ੍ਹ ਜਾਂਦੀਆਂ ਨੇ ਤੇ ਗਰੀਬ ਬਣ ਜਾਂਦੇ ਨੇ ਭੁੱਖਮਰੀ ਦਾ ਸ਼ਿਕਾਰ !

**ਔਰਤ ਸੂਤਰਧਾਰ :** ਰਾਜਸਥਾਨ ਦੇ ਬਾੜਮੇੜ੍ਹ ਵਿੱਚ ਹੜ੍ਹ ਤੇ ਉਤਰੀ ਪੂਰਬੀ ਭਾਰਤ ਵਿੱਚ ਸੋਕੇ ਦੀ ਸੁਣ ਲਈ ਸੀ ਤੁਸੀਂ ਕਹਾਣੀ! ਹੋ ਗਿਆ ਸੀ ਮਹਿਸੂਸ ਲੇਖਕ ਨੂੰ ਕਿ ਅੱਜ ਵਧੇਰੇ ਲੋੜ ਹੈ ਵਿਗਿਆਨਕ ਤੱਥਾਂ ਅਨੁਸਾਰ ਲਿਖਣ ਦੀ ਤਾਕਿ ਹੋ ਸਕੇ ਸਮਾਜ ਦਾ ਭਲਾ !

**ਮਰਦ ਸੂਤਰਧਾਰ:** ਅੱਜ 52 ਕੜੀਆਂ ਵਾਲੇ ਇਸ ਲੜੀਵਾਰ ਦੇ ਛੇ ਭਾਗਾਂ ਦੇ ਵਿੱਚੋਂ ਤੀਜੇ ਭਾਗ ਦੀਆਂ ਨੌਂ ਲੜੀਆਂ ਹੋ ਗਈਆਂ ਹਨ ਸਮਾਪਤ। ਇਸ ਉਨੱਤੀਵੀਂ ਕੜੀ ਦੀ ਚਰਚਾ ਨਾਲ ਪੂਰਾ ਹੋ ਗਿਆ ਹੈ ਇਸ ਲੜੀਵਾਰ ਦਾ ਤੀਜਾ ਭਾਗ!

**ਔਰਤ ਸੂਤਰਧਾਰ** :ਹਾਂ ਜੀ ਪਹਿਲੇ ਅੱਧ ਦੀਆਂ 26 ਕੜੀਆਂ ਦੇ ਤੀਜੇ ਭਾਗ ਵਿੱਚ ਅਸੀਂ ਕਰ ਰਹੇ ਹਾਂ ਚਰਚਾ ਉਨੱਤੀਵੀਂ ਕੜੀ ਰਾਹੀਂ !

**ਮਰਦ ਸੂਤਰਧਾਰ :** ਦੂਰ ਕਰਨ ਵਾਸਤੇ ਸ਼ੰਕੇ ਜਿਹੜੇ ਉੱਠੇ ਸਨ ਸਾਡੇ ਮਨਾਂ ਦੇ ਅੰਦਰ, ਪਿਛਲੀਆਂ ਨੌਂ ਕੜੀਆਂ ਦੀਆਂ ਕਹਾਣੀਆਂ ਸੁਣਨ ਤੋਂ ਬਾਅਦ!

**ਔਰਤ ਸੂਤਰਧਾਰ :** ਚਰਚਾ ਨਾਮੀ ਇਸ ਕੜੀ ਵਿੱਚ ਅਸੀਂ ਛੋਹੇ ਹਨ ਕਈ ਨੁਕਤੇ! ਵੱਖ ਵੱਖ ਨੁਕਤਿਆਂ ‘ਤੇ ਪੇਸ਼ ਕੀਤੇ ਹਨ ਜਵਾਬ... ਬਹੁਤ ਸਾਰੇ ਪ੍ਰਸ਼ਨਾਂ ਦੇ!

**ਮਰਦ ਸੂਤਰਧਾਰ :** ਕੀਤੀ ਹੈ ਪੇਸ਼ਕਾਰੀ - ਮਾਹਰਾਂ ਦੇ ਜਵਾਬਾਂ ਦੀ ਤੇ ਵਿਆਖਿਆ ਦੀ ਜੋ ਕਰਦੇ ਨੇ ਇਹ ਮਾਹਰ ਇਸ ਧਰਤੀ ਦੇ ਜਲਵਾਯੂ ਵਿੱਚ ਹੋ ਰਹੇ ਬਦਲਾਅ ਦੇ ਕਾਰਨਾਂ ਅਤੇ ਪ੍ਰਭਾਵਾਂ ਦੀ। ਦਿੱਤੇ ਹਨ ਜਵਾਬ ਉੱਠੇ ਪ੍ਰਸ਼ਨਾਂ ਦੀ ਸਾਡੀ ਸ਼ੰਕਾ ਨਵਿਰਤੀ ਦੇ ਵਾਸਤੇ!

**ਔਰਤ ਸੂਤਰਧਾਰ :** ਵੇਖੋ ਜੀ! ਵੀਹਵੀਂ ਕੜੀ ਜਲਵਾਯੂ ਬਦਲਾਅ ਦੇ ਨੁਕਸਾਨ ਵਿੱਚ ਅਸੀਂ ਸੁਣ ਲਿਆ ਸੀ ਕਿੱਸਾ ਉਨ੍ਹਾਂ ਨੁਕਸਾਨਾਂ ਦਾ ਜਿਹੜੇ ਹੋਣਗੇ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੇ ਕਾਰਨ !

**ਮਰਦ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਕਿਵੇਂ ਗਲੇਸ਼ੀਅਰਾਂ ਅਤੇ ਧਰੁਵਾਂ ਦੀ ਬਰਫ ਦੇ ਪਿਘਲਣ ਨਾਲ ਸਾਗਰਾਂ ਦੇ ਜਲ ਪੱਧਰ ਦੇ ਵਾਧੇ ਨੇ ਕਰਨਾ ਹੈ ਤਬਾਹ ਤਟਵਰਤੀ ਇਲਾਕਿਆਂ ਨੂੰ ਤੇ ਕਿਵੇਂ ਜਲਮਗਨ ਹੋ ਜਾਣਗੇ ਬਹੁਤ ਸਾਰੇ ਸਾਡੇ ਮਾਲਦੀਪ ਵਰਗੇ ਟਾਪੂ ਵੀ !

**ਔਰਤ ਸੂਤਰਧਾਰ**: ਇਹ ਵੀ ਤਾਂ ਜਾਣ ਲਿਆ ਸੀ ਕਿ ਸਮੁੰਦਰ ਵਿੱਚਲੀ ਕਾਰਬਨਡਾਈਅਕਸਾਈਡ ਸੋਖਣ ਸ਼ਕਤੀ ਨੂੰ ਇਸ ਚੜ੍ਹਦੇ ਜਲ ਪੱਧਰ ਨੇ ਕਿਵੇਂ ਲਾ ਦੇਣਾ ਹੈ ਖੋਰਾ ਤੇ ਹੋਰ ਵਧੇਗੀ ਆਲਮੀ ਤਪਸ਼ !

**ਮਰਦ ਸੂਤਰਧਾਰ** : ਸੁਣਿਆ ਸੀ ਕਿ ਦਰਿਆਵਾਂ ਤੇ ਨਦੀਆਂ ਦਾ ਜਲ ਹੋ ਜਾਵੇਗਾ ਪ੍ਰਦੂਸ਼ਿਤ ਅਤੇ ਉਨ੍ਹਾਂ ਵਿੱਚ ਪਨਪਦੀ ਜਲੀ ਬਨਸਪਤੀ ਤੇ ਜਲ ਜੀਵ ਹੋਣਗੇ ਬੁਰੀ ਤਰ੍ਹਾਂ ਪ੍ਰਭਾਵਤ !

**ਔਰਤ ਸੂਤਰਧਾਰ** : ਹਾਂ ਜੀ! ਖੁਲ੍ਹ ਗਿਆ ਸੀ ਭੇਦ ਕਿ ਕਿਵੇਂ ਹੋ ਜਾਣਗੀਆਂ ਪੈਦਾ ਜਹਿਰੀਲੀਆਂ ਮੱਛੀਆਂ ਤੇ ਕਰਨਗੀਆਂ ਇਨ੍ਹਾਂ ਦਾ ਸੇਵਣ ਕਰਨ ਵਾਲਿਆਂ ਨੂੰ ਬਿਮਾਰ ਅਤੇ ਹੋਵੇਗਾ ਘਾਣ ਮਨੁੱਖੀ ਸਿਹਤ ਤੇ ਤੰਦਰੁਸਤੀ ਦਾ ਵੀ !

**ਮਰਦ ਸੂਤਰਧਾਰ**: ਦੱਸ ਦਿਤਾ ਸੀ ਇਹ ਵੀ ਕਿ ਇਸ ਜਲਵਾਯੂ ਬਦਲਾਅ ਕਾਰਨ ਤੇਜ ਵਰਖਾ ਨਾਲ ਆਉਣਗੇ ਇੱਕ ਪਾਸੇ ਹੜ੍ਹ ਤੇ ਰੁੜ੍ਹ ਜਾਵੇਗੀ ਉਪਜਾਊ ਭੂਮੀ ਵੱਡੇ ਪੱਧਰ ‘ਤੇ ਹੋਵੇਗਾ ਭੋਂ ਖੋਰ !

**ਔਰਤ ਸੂਤਰਧਾਰ** : ਸੁਣੀ ਸੀ ਕਹਾਣੀ ਤੁਸੀਂ ਇਹ ਵੀ ਕਿ ਹੜ੍ਹਾਂ ਦੇ ਨਾਲ ਹੀ ਦੂਜੇ ਪਾਸੇ ਪੈਣਗੇ ਸੋਕੇ ਅਤੇ ਪੈਦਾ ਹੋਵੇਗਾ ਭੋਜਨ ਸੰਕਟ ਵੀ !

**ਮਰਦ ਸੂਤਰਧਾਰ** : ਇਹ ਵੀ ਤਾਂ ਸੁਣਾਇਆ ਸੀ ਬ੍ਰਿਤਾਂਤ ਕਿ ਕਿਵੇਂ ਪ੍ਰਭਾਵਤ ਹੋਵੇਗਾ ਜਨ ਜੀਵਣ ਤੇ ਟੁੱਟੇਗਾ ਮੁਸੀਬਤਾਂ ਦਾ ਪਹਾੜ , ਗੰਗਾ ਤੇ ਬ੍ਰਹਮਪੁਤਰ ਦੇ ਮੁਹਾਣੇ ਵੀ ਝਲਣਗੇ ਅੰਤਾਂ ਦਾ ਨੁਕਸਾਨ !

**ਔਰਤ ਸੂਤਰਧਾਰ**: ਕੀਤੀ ਸੀ ਗੱਲ ਕਿ ਕਿਵੇਂ ਵਰਖਾ ਦਾ ਰੁੱਖ ਬਦਲ ਜਾਵੇਗਾ ਉਤਰ ਤੋਂ ਦੱਖਣ ਵੱਲ ਨੂੰ !

**ਮਰਦ ਸੂਤਰਧਾਰ** : ਸੁਣੀ ਸੀ ਕਹਾਣੀ ਕਿ ਕਿਵੇਂ ਸਮੁੰਦਰੀ ਜੀਵਣ ਤੇ ਲਗੇਗੀ ਘਾਤ ਅਤੇ ਲੱਗੇਗਾ ਵੱਡੇ ਪੱਧਰ ‘ਤੇ ਖੋਰਾ ਸਮੁੰਦਰੀ ਜੈਵਿਕ ਭਿੰਨਤਾ ਨੂੰ ਵੀ !

**ਔਰਤ ਸੂਤਰਧਾਰ** : ਸੁਣੀ ਸੀ ਇਹ ਵਾਰਤਾ ਇਹ ਵੀ ਕਿ ਤਬਾਹ ਹੋ ਜਣਗੇ ਸਮੁੰਦਰਾਂ ਦੇ ਸੂਖਮ ਜੀਵੀ ਅਤੇ ਬਦਲ ਜਾਵੇਗਾ ਤਵਾਜਨ ਜਲ ਜੀਵਣ ਦਾ!

**ਮਰਦ ਸੂਤਰਧਾਰ** : ਸੁਣੀ ਸੀ ਕਹਾਣੀ ਕਿ ਹਰਿਆਲੀ ਦੇ ਨਸ਼ਟ ਹੋਣ ਨਾਲ ਘੱਟ ਜਾਵੇਗਾ ਭੋਜਨ ਸ਼ਾਕਾਹਾਰੀਆਂ ਦਾ , ਘੱਟ ਜਾਵੇਗੀ ਨਫਰੀ ਇਨ੍ਹਾਂ ਦੀ ਅਤੇ ਮਾਸਾਹਾਰੀਆਂ ਨੂੰ ਇਹ ਸ਼ਾਕਾਹਾਰੀ ਭੋਜਨ ਵਜੋਂ ਨਾ ਮਿਲਣ ਕਰਕੇ ਉਹ ਵੀ ਹੋ ਜਾਣਗੇ ਭੁੱਖਮਰੀ ਦਾ ਸ਼ਿਕਾਰ ! ਟੁੱਟ ਜਾਵੇਗੀ ਸਮੁੱਚੀ ਭੋਜਨ ਲੜੀ !

**ਔਰਤ ਸੂਤਰਧਾਰ** : ਹਾਂ ਜੀ ਖੋਲ੍ਹ ਦਿੱਤਾ ਸੀ ਇਹ ਰਾਜ ਵੀ ਕਿ ਕਿਵੇਂ ਬਦਲਾਅ ਹੋ ਜਾਣਗੇ ਖੇਤੀਬਾੜੀ ਦੇ ਵਿੱਚ ! ਇਸ ਤੇਜ਼ੀ ਨਾਲ ਬਦਲਦੇ ਜਲਵਾਯੂ ਅਤੇ ਆਲਮੀ ਤਪਸ਼ ਦੀ ਬਦੌਲਤ !

**ਮਰਦ ਸੂਤਰਧਾਰ** : ਸੁਣੇ ਸਨ ਇਹ ਤੱਥ ਕਿ ਆਮ ਤੌਰ ‘ਤੇ ਜਲਵਾਯੂ ਵਿਚ ਪਰਿਵਰਤਨ ਹੌਲੀ-ਹੌਲੀ ਹੁੰਦਾ ਹੈ, ਪਰ

ਪੇੜ-ਪੌਦਿਆਂ ਦੀ ਲਗਾਤਾਰ ਕਟਾਈ, ਖੇਤੀ ਅਤੇ ਮਕਾਨਾਂ ਦੇ ਵਾਸਤੇ, ਜੰਗਲਾਂ ਦੇ ਬੇਰੋਕ ਟੋਕ ਵਢਾਅ ਨੇ ਜਲਵਾਯੂ ਨੂੰ ਤੇਜੀ ਨਾਲ ਵਿਗਾੜਣਾ ਸੁਰੂ ਕਰ ਦਿੱਤਾ! ਮਨੁਖੀ ਗਤੀਵਿਧੀਆਂ ਹੀ ਕਰਦੀਆਂ ਨੇ ਸੱਭ ਤੋਂ ਜਿਆਦਾ ਖਿਲਵਾੜ ਇਸ ਧਰਤੀ ਦੇ ਜਲਵਾਯੂ ਦੇ ਨਾਲ !

**ਔਰਤ ਸੂਤਰਧਾਰ :** ਸਪਸ਼ਟ ਹੋ ਗਿਆ ਸੀ ਇਹ ਵੀ ਕਿ ਕਿਵੇਂ ਇਹ ਤਪਦੀ ਧਰਤੀ ਅਤੇ ਬਦਲਦਾ ਜਲਵਾਯੂ ਬਣਦਾ ਹੈ ਕਾਰਨ ਨਵੀਂਆਂ ਨਵੀਂਆਂ ਡੇਂਗੂ , ਚਿਕਨਗੁਨੀਆ ਤੇ ਸਵਾਈਨ ਜਾਂ ਬਰਡ ਫਲੂ ਵਰਗੀਆਂ ਬਿਮਾਰੀਆਂ ਦਾ !

**ਮਰਦ ਸੂਤਰਧਾਰ :** ਹੋਈ ਸੀ ਵਾਰਤਾਲਾਪ ਇਸ ਵਿਸ਼ੇ ‘ਤੇ ਵੀ ਕਿ ਕਿਵੇਂ ਇਸ ਬਦਲਾਅ ਕਾਰਨ ਬਿਮਾਰੀ ਦੇ ਜਨਕ ਮੱਖੀਆਂ ਮੱਛਰ ਆਦਿ ਪਨਪ ਪੈਂਦੇ ਨੇ ਉਨ੍ਹਾਂ ਠੰਢੀਆਂ ਥਾਵਾਂ ‘ਤੇ ਵੀ ਜਿੱਥੇ ਪਹਿਲਾਂ ਇਹ ਨਹੀਂ ਸਨ ਰਹਿ ਸਕਦੇ ਜੀਵਤ ਹੀ ! ਫੈਲਾਉਂਦੇ ਨੇ ਉਨ੍ਹਾਂ ਸਥਾਨਾਂ ‘ਤੇ ਵੀ ਮਲੇਰੀਆ ਵਰਗੇ ਰੋਗ ਜਿਹੜੇ ਪਹਿਲਾਂ ਉਥੇ ਹੁੰਦੇ ਹੀ ਨਹੀਂ ਸਨ !

**ਔਰਤ ਸੂਤਰਧਾਰ :** ਸੁਣੀ ਸੀ ਕਹਾਣੀ ਕਿ ਕਿਵੇਂ ਇਹ ਬਿਮਾਰੀਆਂ ਹੋ ਜਾਂਦੀਆਂ ਨੇ ਵੱਧ ਘਾਤਕ ਵੀ ਤੇ ਬਣਦੀਆਂ ਨੇ ਵਧਦੀਆਂ ਮੌਤਾਂ ਦਾ ਕਾਰਨ !

**ਮਰਦ ਸੂਤਰਧਾਰ :** ਖੁਲ੍ਹ ਗਿਆ ਸੀ ਇਹ ਭੇਦ ਵੀ ਕਿ ਬਦਲ ਜਾਂਦੀਆਂ ਨੇ ਰੁੱਤਾਂ ਵੀ ਇਨ੍ਹਾਂ ਬਿਮਾਰੀਆਂ ਦੇ ਫੈਲਣ ਦੀਆਂ ! ਅਸੀਂ ਵੇਖਦੇ ਹਾਂ ਕਿ ਹੁਣ ਤਾਂ ਗਰਮੀਆਂ ਵਿੱਚ ਵੀ ਜ਼ੁਕਾਮ ਆਮ ਹੀ ਹੋਣ ਡਿਹਾ ਵਾ ਤੇ ਉਹ ਵੀ ਕਈ ਕਈ ਵਾਰ!

**ਔਰਤ ਸੂਤਰਧਾਰ :** ਸੁਣ ਲਈ ਸੀ ਗਾਥਾ ਕਿ ਕਿਵੇਂ ਜਲਵਾਯੂ ਬਦਲਾਅ ਸ਼ਬਦ ਦਾ ਹੋਇਆ ਆਗਾਜ਼ , ਕਿਵੇਂ ਬਣੀ ਇਹ ਧਾਰਣਾ, ਕਿਵੇਂ ਵਾਲੇਸ ਸਮਿਥ ਬ੍ਰੋਕਰ ਨਾਮੀ ਵਿਗਿਆਨੀ ਨੇ ਸਭ ਤੋਂ ਪਹਿਲਾਂ 1975 ਵਿੱਚ ਵਰਤਿਆ ਜਲਵਾਯੂ-ਪਰਿਵਰਤਨ ਸ਼ਬਦ!

**ਮਰਦ ਸੂਤਰਧਾਰ :** ਖੁਲ੍ਹ ਗਿਆ ਸੀ ਰਾਜ ਇਹ ਵੀ ਕਿ ਕਿਵੇਂ ਬੇਮੌਸਮੀ ਵਰਖਾ ਕਰਦੀ ਹੈ ਪ੍ਰਭਾਵਤ ਫਸਲਾਂ ਦੇ ਝਾੜ ਨੂੰ ਪ੍ਰਗਾਣ ਕਿਰਿਆ ਵਿੱਚ ਪਾ ਕੇ ਖਲਲ !

**ਔਰਤ ਸੂਤਰਧਾਰ :** ਸਮਝ ਆ ਗਈ ਸੀ ਇਹ ਵੀ ਕਹਾਣੀ  ਸਾਨੂੰ ਤਾਂ ਕਿਉਂ ਜੋ ਬੇਵਕਤੀਆਂ ਹਨੇਰੀਆਂ ਝਾੜ ਦਿੰਦਿਆਂ ਨੇ ਬੂਰ ਅੰਬੀਆਂ ਦਾ ਤੇਲੱਗ ਜਾਂਦੇ ਨੇ ਅੰਬਾਰ ਕੱਚੀਆਂ ਅੰਬੀਆਂ ਦੇ !

**ਮਰਦ ਸੂਤਰਧਾਰ :** ਦੱਸ ਦਿੱਤਾ ਸੀ ਇਹ ਤੱਥ ਵੀ ਕਿ ਬੇ ਮੌਸਮੀ ਵਰਖਾ ਤੇ ਝੱਖੜ ਕਾਰਨ ਸਾਡੇ ਪੰਜਾਬ ਵਿੱਚ ਤਾਂ ਕਣਕਾਂ ਵਿਛ ਜਾਂਦੀਆਂ ਨੇ ਤੇ ਦਾਣਾ ਕਾਲਾ ਹੋ ਜਾਂਦਾ ਹੈ ! ਇਹ ਭਾਣਾ ਤਾਂ ਅਸੀਂ ਪੇਂਡੂਆਂ ਨੇ ਤਾਂ ਆਮ ਹੀ ਵੇਖਿਆ ਹੈ ਵਰਤਦਾ ! ਇਸ ਵਾਰ ਵੀ ਤਾਂ ਵਰਤਿਆ ਸੀ ਇਹੀ ਭਾਣਾ!

**ਔਰਤ ਸੂਤਰਧਾਰ :** ਹੋਈ ਸੀ ਗੱਲ ਕਿ ਖਤਰਾ ਹੈ ਭਾਰਤ ਵਿੱਚ ਜਨਮੀਆਂ ਫ਼ਸਲੀ ਪੌਦਿਆਂ ਦੀਆਂ 166 ਤੇ ਇਨ੍ਹਾਂ ਦੇ ਜੰਗਲੀ ਰਿਸ਼ਤੇਦਾਰਾਂ ਦੀਆਂ 320 ਪ੍ਰਜਾਤੀਆਂ ਅਤੇ ਸੰਸਾਰ ਦੇ ਪਹਿਚਾਣੇ ਗਏ ਪੌਦਿਆਂ ਦੀਆਂ 45000 ਤੋਂ ਜਿਆਦਾ ਪ੍ਰਜਾਤੀਆਂ ਵਿੱਚੋਂ ਕਈਆਂ ਨੂੰ !

**ਮਰਦ ਸੂਤਰਧਾਰ** : ਦੱਸ ਦਿੱਤੀ ਸੀ ਕਹਾਣੀ ਉਹ ਵੀ ਕਿ ਕਿਵੇਂ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਕਾਰਨ ਸੰਸਾਰ ਦਾ 60% ਹਿੱਸਾ ਸਾਲ 2070 ਤੱਕ ਆ ਜਾਵੇਗਾ ਮਲੇਰੀਏ ਦੀ ਜੱਦ ਦੇ ਵਿੱਚ !

**ਔਰਤ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਆਲਮੀ ਤਪਸ਼ ਦੇ ਕਾਰਨ ਬਣੇ ਰਿਫੂਜੀਆਂ ਦਾ ਯਾਣੀ ਆਪਣੇ ਚੁਲ੍ਹੇ ਚੌਂਕਿਆਂ ਤੋਂ ਅਤੇ ਆਪਣੇ ਰੈਣ ਬਸੇਰਿਆਂ ਤੋਂ ਵਿਸਥਾਪਤ ਇਨਸਾਨਾਂ, ਪਸ਼ੂ - ਪੰਛੀਆਂ ਤੇ ਜੀਵਾਂ ਦਾ ਕੀ ਹੋਵੇਗਾ ਹਾਲ !

**ਮਰਦ ਸੂਤਰਧਾਰ** : ਦੱਸ ਤਾਂ ਇਹ ਵੀ ਦਿੱਤੀ ਸੀ ਗਾਥਾ ਕਿ ਸਿਆਸਤਦਾਨ ਕਿਵੇਂ ਬਣਾਉਂਦੇ ਨੇ ਨੀਤਿਆਂ ਮੁਲਕਾਂ ਦੇ ਵਿੱਚ ! ਕਿਵੇਂ ਇਨ੍ਹਾਂ ਨੀਤੀਆਂ ਦੇ ਘੜਣ ਵਿੱਚ ਨਿਭਾਉਂਦੇ ਨੇ ਆਪਣੀ ਭੂਮਿਕਾ ਵਿਗਿਆਨੀ ਵੀ ਆਪਣੀਆਂ ਖੋਜਾਂ ਰਾਹੀਂ ਤੱਥ ਜਾਰ ਕਰਕੇ !

**ਔਰਤ ਸੂਤਰਧਾਰ** : ਸੁਣਾਏ ਸੀ ਵਿਗਿਆਨਕ ਕਾਰਨ ਕਿ ਕਿਵੇਂ ਹਨ ਸਾਡੇ ਦੇਸ਼ ਦੀ ਰਾਜਧਾਨੀ ਦਿੱਲੀ ਦੇ ਖਿੱਤੇ ਦੇ ਤਿੰਨ ਸ਼ਹਿਰ ਸੰਸਾਰ ਦੇ ਸੱਭ ਤੋਂ ਵੱਧ ਪ੍ਰਦੂਸ਼ਿਤ!

**ਮਰਦ ਸੂਤਰਧਾਰ** : ਗੱਲ ਤਾਂ ਇਹ ਵੀ ਹੋਈ ਸੀ ਕਿ ਜੇਕਰ ਚੀਨ ਬੀਜਿੰਗ ਵਿੱਚ, ਥਾਈਲੈਂਡ ਬੈਂਕਾਕ ਵਿੱਚ ਅਤੇ ਇੰਗਲੈਂਡ ਲੰਦਨ ਵਿੱਚ ਪ੍ਰਦੂਸ਼ਨ 'ਤੇ ਕਾਬੂ ਪਾ ਸਕਦਾ ਹੈ ਤਾਂ ਅਸੀਂ ਕਿਉਂ ਨਹੀਂ ਪਾ ਸਕਦੇ !

**ਔਰਤ ਸੂਤਰਧਾਰ** : ਸੁਣਾ ਦਿੱਤਾ ਸੀ ਇਹ ਕਿੱਸਾ ਵੀ ਕਿ ਕਿਵੇਂ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਅੰਦਾਜ਼ਿਆਂ ਤੋਂ ਵੀ ਤੇਜੀ ਨਾਲ ਵੱਧ ਰਹੀ ਹੈ ਤੇ ਸਿੱਟੇ ਵੱਜੋਂ ਮਜਬੂਰ ਕਰ ਰਹੀ ਹੀ ਬਹੁਤ ਸਾਰੇ ਜੀਵਾਂ ਨੂੰ ਰੋਜੀ, ਰੋਟੀ , ਆਸਰੇ ਅਤੇ ਬਚਾਓ ਦੇ ਲਈ ਵਿਸਥਾਪਤ ਹੋਣ ਦੇ ਵਾਸਤੇ !

**ਮਰਦ ਸੂਤਰਧਾਰ** : ਸੁਣਾ ਦਿੱਤੀ ਸੀ ਇਹ ਗੱਲ ਵੀ ਕਿ ਹਰ ਸਕਿੰਟ ਵਿਸਥਾਪਤ ਹੋ ਰਿਹਾ ਹੈ ਇੱਕ ਵਿਅਕਤੀ! ਨੇਪਾਲ ਦਾ 2015 ਦਾ ਭੂਚਾਲ, ਸੋਮਾਲੀਆ ਦਾ 2011 ਦਾ ਸੋਕਾ , ਪਾਕਿਸਤਾਨ ਦਾ 2012 ਦਾ ਹੜ੍ਹ ਵੱਡੀਆਂ ਆਫਤਾਂ ਸਨ ! ਕੁਦਰਤੀ ਆਫਤਾਂ ਕਾਰਨ ਸੰਸਾਰ ਵਿੱਚ 2008 ਤੋਂ ਹੁਣ ਤੱਕ ਸਵਾ ਦੋ ਕਰੋੜ ਆਬਾਦੀ ਵਿਸਥਾਪਿਤ ਹੋ ਚੁੱਕੀ ਯਾਣੀ ਰਿਫਿਊਜੀ ਬਣ ਚੁੱਕੀ ਹੈ !

**ਔਰਤ ਸੂਤਰਧਾਰ** : ਸੁਣਿਆ ਸੀ ਤੁਸੀਂ ਕਿ ਕਿਵੇਂ ਸੰਯੁਕਤ ਰਾਸਟਰ ਸੰਘ ਦੀ 70 ਦੇਸਾਂ ਦੇ 250 ਵਿਗਿਆਨੀਆਂ ਦੇ ਕਥਨ ਅਨੁਸਾਰ ਪ੍ਰਕਾਸ਼ਤ ਹੋਈ ਰਿਪੋਰਟ ਵਿੱਚ ਕਿਹਾ ਹੈ ਕਿ 2050 ਤੱਕ ਪ੍ਰਦੂਸ਼ਣ ਕਾਰਨ ਲੱਖਾਂ ਲੋਕ ਸਮੇ ਤੋਂ ਪਹਿਲਾਂ ਮੌਤ ਦੇ ਮੂੰਹ ਜਾ ਪੈਣਗੇ !

**ਮਰਦ ਸੂਤਰਧਾਰ** : ਸੁਣਾਇਆ ਸੀ ਉਹ ਵਿਗਿਆਨਕ ਸੱਚ ਵੀ ਕਿ ਪੈਰਿਸ ਵਿਖੇ 190 ਮੁਲਕਾਂ ਦੇ ਵਿਗਿਆਨੀਆਂ ਨੇ ਕਿਹਾ ਹੈ ਕਿ ਜੇਕਰ ਹਰਿਤ ਘਰ ਪ੍ਰਭਾਵ ਗੈਸਾਂ ਦੇ ਉਤਸਰਜਨ ਨੂੰ ਨਾ ਘਟਾਇਆ ਗਿਆ ਤਾਂ ਵਾਪਸੀ ਦੀ ਸੰਭਾਵਨਾ ਮਿੱਟ ਜਾਵੇਗੀ ਅਤੇ ਵਿਸਥਾਪਨ ਕਾਰਨ ਜੰਗਾਂ ਹੋਣਗੀਆਂ ਤੇ ਸਮਾਜਿਕ ਤਾਣਾ ਬਾਣਾ ਤਿੜਕ ਜਾਵੇਗਾ !

**ਔਰਤ ਸੂਤਰਧਾਰ** : ਦੱਸਿਆ ਸੀ ਅਮਰੀਕਾ ਦੇ ਪੂਰਬਲੇ ਰਾਸਟਰਪਤੀ ਬਾਰਾਕ ਓਬਾਮਾ ਦਾ ਕਥਨ ਕਿ ਇਸ ਸਦੀ ਦੀ ਤਸਵੀਰ ਘੜਣ ਵਾਲਾ ਦਾ ਨਿਰਨਾਇਕ ਮੁਦਾ ਹੋਵੇਗਾ ਜਲਵਾਯੂ ਬਦਲਾਅ ਦਾ ਖਤਰਾ !

**ਮਰਦ ਸੂਤਰਧਾਰ** : ਦੱਸ ਦਿੱਤਾ ਸੀ ਕਿ ਮਸ਼ਹੂਰ ਪੱਤਰਕਾਰ ਤੇ ਲੇਖਕ ਟੌਡ ਮਿਲਰ ਦੀ ਕਿਤਾਬ "ਦੀਵਾਰ ਤੇ ਹਮਲਾ" ਵਿੱਚ ਲਿਖਿਆ ਹੈ ਕਿ ਮੱਧ (ਸੈਂਟਰਲ) ਅਮਰੀਕਾ ਤੇ ਮੈਕਸੀਕੋ ਵਿੱਚੋਂ ਲੋਕਾਂ ਦੇ ਭੱਜਣ ਦਾ ਮੁਖ ਕਾਰਨ ਜਲਵਾਯੂ ਬਦਲਾਅ ਹੈ, ਜਿਸ ਕਰਕੇ ਪੈਂਦੇ ਸੋਕੇ, ਤੂਫਾਨ, ਹੜ੍ਹ ਤੇ ਡਿਗਦੀਆਂ ਢਿਗਾਂ ਲੋਕਾਈ ਨੂੰ ਵਿਸਥਾਪਿਤ ਹੋਣ ਵਾਸਤੇ ਕਰਦੀਆਂ ਨੇ ਮਜਬੂਰ !

**ਔਰਤ ਸੂਤਰਧਾਰ** : ਸੁਣਾਈ ਸੀ ਕਹਾਣੀ ਕਿ ਯੂ ਐਨ ਓ ਦੇ ਮੁਤਾਬਕ ਜਲਵਾਯੂ ਬਦਲਾਅ ਕਾਰਨ ਬਣੇ ਰਿਫਿਊਜੀਆਂ ਦੀ ਗਿਣਤੀ ਸਿਆਸੀ ਤੇ ਧਾਰਮਕ ਕਾਰਨਾਂ ਕਰਕੇ ਬਣੇ ਰਿਫਿਊਜੀਆਂ ਤੋਂ ਵੀ ਜਿਅਦਾ ਹੈ! ਜਲਵਾਯੂ ਬਦਲਾਅ ਨਾਲ ਪੈਦਾ ਹੋਏ ਹਾਲਾਤ ਜੰਗਾਂ ਨੂੰ ਜਨਮ ਦੇਣਗੇ ਜਿਨ੍ਹਾਂ ਵਾਸਤੇ 'ਜਲਵਾਯੂ ਜੰਗਾਂ' ਨਾਮੀ ਵਾਕਅੰਸ਼ ਘੜਿਆ ਗਿਆ ਹੈ ।

**ਮਰਦ ਸੂਤਰਧਾਰ** : ਹੋਈ ਸੀ ਗੱਲ ਕਿ ਧਰਤੀ ਦੇ ਵੱਖ ਵੱਖ ਖਿਤਿਆਂ ਵਿੱਚੋਂ ਯੂ ਐਨ ਓ ਦੇ ਰਿਫਿਊਜੀਆਂ ਵਾਸਤੇ ਗਠਿਤ ਹਾਈ ਕਮਿਸ਼ਨਰ ਦੇ ਅੰਦਾਜ਼ੇ ਮੁਤਾਬਕ ਸਾਲ 2050 ਤੱਕ 25 ਕਰੋੜ ਲੋਕਾਂ ਦੇ, ਚੜ੍ਹਦੇ ਸਮੁੰਦਰਾਂ ਕਰਕੇ, ਭਿਆਨਕ ਹੁੰਦੇ ਸੋਕਿਆਂ ਕਰਕੇ ਅਤੇ ਅਤਿ ਦੀਆਂ ਮੌਸਮੀ ਹਾਲਤਾਂ ਕਰਕੇ ਵਿਸਥਾਪਿਤ ਹੋਣ ਦਾ ਖਤਰਾ ਹੈ! ਬੰਗਲਾ ਦੇਸ਼ ਦਾ 17% ਇਲਾਕਾ ਜਲਮਗਨ ਹੋ ਸਕਦਾ ਹੈ !

**ਔਰਤ ਸੂਤਰਧਾਰ** : ਹਾਂ ਜੀ! ਕਰ ਦਿੱਤਾ ਸੀ ਬਿਆਨ ਉਹ ਹਾਲ ਵੀ ਕਿ ਜਲਵਾਯੂ ਬਦਲਾਅ ਕਾਰਨ ਪਸ਼ੂਆਂ, ਪੰਛੀਆਂ, ਰੇਂਗਣ ਵਾਲਿਆਂ ਤੇ ਜਲ ਜੀਵਾਂ ਦੀਆਂ 3000 ਪ੍ਰਜਾਤੀਆਂ ਦੇ ਵਿਸਥਾਪਿਤ ਹੋ ਗਈਆਂ ਹਨ !

**ਮਰਦ ਸੂਤਰਧਾਰ**: ਆਹੋ ਜੀ! ਸੁਣ ਲਿਆ ਸੀ ਤੁਸੀਂ ਕਿ ਸਾਲ 2018 ਨੂੰ ਤਾਂ ਰਿਫਿਊਜੀਆਂ ਦਾ ਵਰ੍ਹਾਂ ਹੀ ਐਲਾਨ ਦਿੱਤਾ ਗਿਆ ਕਿਉਂ ਜੋ ਬਹੁਤ ਸਾਰੇ ਲੋਕ ਜੰਗਾਂ , ਭੁੱਖਮਰੀ ਅਤੇ ਸਰਕਾਰਾਂ ਵੱਲੋਂ ਵਿਰੋਧੀਆਂ 'ਤੇ ਜਬਰ ਕਾਰਨ ਰਾਜਸੀ ਵਿਸਥਾਪਿਤ ਹੋਣ ਵਾਸਤੇ ਮਜਬੂਰ ਹੋ ਗਏ ਸਨ !

**ਔਰਤ ਸੂਤਰਧਾਰ** : ਸੁਣਾਈ ਸੀ ਗਾਥਾ ਕਿ ਜਿਹੜੇ ਗਰੀਬ ਤੇ ਬੇਸਹਾਰਾ ਕਮਜੋਰ ਵਰਗ ਜਲਵਾਯੂ ਬਦਲਾਅ ਦੇ ਸ਼ਿਕਾਰ ਬਣਦੇ ਹਨ ਉਨ੍ਹਾਂ ਵਿੱਚੋਂ ਬਹੁਤੇ ਇਸ ਬਦਲਾਅ ਵਾਸਤੇ ਜਿੰਮੇਵਾਰ ਵੀ ਨਹੀਂ ਹੁੰਦੇ !

**ਮਰਦ ਸੂਤਰਧਾਰ** : ਧਰਤੀ ਦੇ ਇਤਿਹਾਸ ਦਾ ਸੱਚ ਵੀ ਦਿੱਤਾ ਸੀ ਸੁਣਾ ਕਿ ਵਿਕਾਸ਼ਸੀਲ ਖੇਤਰਾਂ , ਏਸ਼ੀਆ ਦੱਖਣੀ ਅਮਰੀਕਾ ਅਤੇ ਅਫਰੀਕਾ ਦੇ ਮੁਲਕਾ ਵਿੱਚੋਂ ਜਲਵਾਯੂ ਵਿਸਥਾਪਿਤ ਜੋ ਆਉਂਦੇ ਹਨ ਉਨ੍ਹਾਂ ਨੂੰ ਤਾਂ ਜੰਗੀ ਤੇ ਰਾਜਸੀ ਵਿਸਥਾਪਤਾਂ ਦੀ ਤਰਜ ਤੇ ਕੋਈ ਸ਼ਰਣ ਦੇਣ ਦੇ ਵੀ ਪ੍ਰਾਵਾਧਾਨ ਨਹੀਂ ਹਨ !

**ਔਰਤ ਸੂਤਰਧਾਰ** : ਬਿਲਕੁਲ ਸਹੀ ਕਿਹਾ! ਨਿਊਜ਼ੀ ਲੈਂਡ ਵਿੱਚ ਇਸ ਆਧਾਰ 'ਤੇ ਸ਼ਰਣ ਲੈਣ ਵਾਸਤੇ ਦਿੱਤੀ ਅਰਜੀ ਸੰਸਾਰ ਦਾ ਪਹਿਲਾ ਮਾਮਲਾ ਸੀ ਪਰ ਉਹ ਵਿਅਕਤੀ ਆਪਣੇ ਵਿਸਥਾਪਿਤ ਹੋਣ ਦੇ ਪਰਿਆਵਰਣੀ ਕਾਰਨਾਂ ਦੇ ਦਸਤਾਵੇਜ ਪੇਸ਼ ਨਹੀਂ ਕਰ ਸਕਿਆ !

**ਮਰਦ ਸੂਤਰਧਾਰ** : ਸਾਲ 2015 ਵਿੱਚ ਪੈਰਿਸ ਸੰਮੇਲਨ ਦੌਰਾਨ ਪਰਿਆਵਰਣੀ ਰਿਫਿਊਜੀਆਂ ਦੇ ਸ਼ਰਣ ਦੇ ਮਾਮਲੇ 'ਤੇ ਕੁੱਝ ਚਰਚਾ ਹੋਈ ਤੇ ਕੁੱਝ ਦਿਸ਼ਾ ਨਿਰਦੇਸ਼ਾਂ 'ਤੇ ਸਹਿਮਤੀ ਹੋਈ !

**ਔਰਤ ਸੂਤਰਧਾਰ :** ਠੰਡੀ ਸੁਣਾ ਦਿੱਤੇ ਸੀ ਉਹ ਵੀ ਕਿੱਸੇ ਜਿਨ੍ਹਾਂ ਕਾਰਨ ਇਹ ਨਾਅਰਾ ਹੈ ਸਮੇ ਦੀ ਲੋੜ, ਪਰਿਆਵਰਣ ਸੰਭਾਲੋ ਅਗਲੀਆਂ ਪੀੜ੍ਹੀਆਂ ਨੂੰ ਸੁਰੱਖਿਅਤ ਧਰਤ ਗ੍ਰਹਿ ਛੱਡ ਕੇ ਜਾਣ ਦੀ ਜਿੰਮੇਵਾਰੀ ਨਿਭਾਉਣ ਦੇ ਲਈ !

**ਮਰਦ ਸੂਤਰਧਾਰ :** ਸੁਣ ਲਈ ਸੀ ਕਹਾਣੀ ਤੁਸੀਂ ਕਿ ਕਿਵੇਂ ਸਮੁੰਦਰਾਂ ਦਾ ਚੜ੍ਹਦਾ ਜਲ ਪੱਧਰ ਬਦਲ ਦਿੰਦਾ ਹੈ ਉਪਜਾਊ ਜ਼ਮੀਨ ਨੂੰ ਦਲਦਲ ਦੇ ਵਿੱਚ ਅਤੇ ਕਰ ਦਿੰਦਾ ਹੈ ਭੋਜਨ ਦਾ ਸੰਕਟ ਪੈਦਾ ! ਇਸ ਸੰਕਟ ਨਾਲ ਫੈਲਦਾ ਹੈ ਕੁਪੋਸ਼ਣ ਅਤੇ ਕੁਪੋਸ਼ਣ ਨਾਲ ਹੋਣ ਵਾਲੀਆਂ ਬਿਮਾਰੀਆਂ !

**ਔਰਤ ਸੂਤਰਧਾਰ :** ਸੁਣਾਈ ਸੀ ਗਾਥਾ ਉਨ੍ਹਾਂ ਰੋਗਾਂ ਦੇ ਵੱਧਦੇ ਜਾਣ ਦੀ ਜਿਹੜੇ ਇਸ ਤਰ੍ਹਾਂ ਵਿਆਪਕ ਕੁਪੋਸ਼ਣ ਕਰਕੇ ਧਾਰ ਲੈਂਦੇ ਨੇ ਵਿਕਰਾਲ ਰੂਪ ! ਪ੍ਰੋਟੀਨ ਕਲੋਰੀ ਕੁਪੋਸ਼ਣ ਕਾਰਨ ਕਵਾਸ਼ੀਆਕੋਰ, ਵਿਟਾਮਿਨਾਂ ਤੇ ਖਣਿਜਾਂ ਦੀ ਕਮੀ ਕਾਰਨ ਕੁਪੋਸ਼ਣ ਨਾਲ ਹੋਣ ਵਾਲੀਆਂ ਅੰਧਰਾਤਾ , ਰਿਕਟਸ, ਬੈਰੀ ਬੈਰੀ , ਸਕਰਵੀ ਆਦਿ ਜਾਂਦੀਆਂ ਨੇ ਵਧ !

**ਮਰਦ ਸੂਤਰਧਾਰ :** ਜਾਣ ਲਿਆ ਸੀ ਅਸੀਂ ਕਿ ਕੀਟ ਵਾਹਕਾਂ ਰਾਹੀਂ ਹੋਣ ਵਾਲੀਆਂ ਬੀਮਾਰੀਆਂ ਵਧ ਜਾਂਦੀਆਂ ਨੇ ਵਧਦੇ ਤਾਪਮਾਨ ਦੇ ਨਾਲ ਕਿਉਂ ਜੋ ਵਧਿਆ ਤਾਪਮਾਨ ਸਹਾਇਕ ਹੁੰਦਾ ਹੈ ਕੀਟ ਪਤੰਗਾਂ ਦੇ ਵਾਧੇ ਵਿੱਚ ਅਤੇ ਇਨ੍ਹਾਂ ਕੀਟਾਂ ਦੀ ਬਿਮਾਰੀ ਦੇ ਜਨਕ ਚੁੱਕ ਕੇ ਲੈ ਜਾਣ ਦੀ ਸਮਰੱਥਾ ਜਾਂਦੀ ਹੈ ਵੱਧ !

**ਔਰਤ ਸੂਤਰਧਾਰ :** ਬਹੁਤ ਸਾਰੇ ਅਜਿਹੇ ਪਰਜੀਵੀ ਜਿਹੜੇ ਪਹਿਲਾਂ ਘੱਟ ਤਾਪਮਾਨ ਕਾਰਨ ਕਈ ਇਲਾਕਿਆਂ ਵਿੱਚ ਨਹੀਂ ਸਨ ਸਕਦੇ ਪਨਪ ਹੁਣ ਤਾਪਮਾਨ ਵਧਣ ਨਾਲ ਉਥੇ ਵੀ ਪਨਪਨ ਲੱਗ ਜਾਂਦੇ ਹਨ ਅਤੇ ਇਨ੍ਹਾਂ ਬਿਮਾਰੀ ਰਹਿਤ ਇਲਾਕਿਆਂ ਵਿੱਚ ਵੀ ਫੈਲਾ ਦਿੰਦੇ ਨੇ ਇਹ ਨਵੀਆਂ ਨਵੀਆਂ ਬਿਮਾਰੀਆਂ !

**ਮਰਦ ਸੂਤਰਧਾਰ :** ਵਧਦਾ ਤਾਪਮਾਨ ਬਿਮਾਰੀ ਵਾਹਕਾਂ ਤੇ ਪਰਜੀਵੀਆਂ ਦੇ ਜੀਵਣ ਕਾਲ ਨੂੰ ਕਰ ਦਿੰਦਾ ਹੈ ਛੋਟਾ ਅਤੇ ਇਨ੍ਹਾਂ ਨਾਲ ਫੈਲਣ ਵਾਲੇ ਰੋਗ ਹੋਰ ਜਿਆਦਾ ਘਾਤਕ ਹੋ ਨਿਬੜਦੇ ਹਨ !

**ਔਰਤ ਸੂਤਰਧਾਰ :** ਸੁਣਾ ਦਿੱਤਾ ਸੀ ਉਹ ਕਿੱਸਾ ਵੀ ਕਿ ਕਿਵੇਂ ਨੈਰੋਬੀ ਵਰਗੀਆਂ ਥਾਵਾਂ ‘ਤੇ ਜਿੱਥੇ ਮਲੇਰੀਆਂ ਪਹਿਲਾਂ ਨਹੀਂ ਸੀ ਹੁੰਦਾ , ਹੁਣ ਹੋਣ ਲੱਗ ਗਿਆ ਤੇ ਹੁੰਦਾ ਵੀ ਹੈ ਦਿਮਾਗੀ ਮਲੇਰੀਆ ਜਿਸ ਕਰਕੇ ਉਥੇ ਮਲੇਰੀਏ ਨਾਲ ਮੌਤ ਦਰ ਵਧ ਰਹੀ ਹੈ !

**ਮਰਦ ਸੂਤਰਧਾਰ :** ਨਵੀਂ ਥਾਂ ‘ਤੇ ਆਉਣ ਵਾਲੀਆਂ ਬਿਮਾਰੀਆਂ ਇਸ ਕਰਕੇ ਜਿਆਦਾ ਘਾਤਕ ਹੁੰਦੀਆਂ ਹਨ ਕਿਉਂ ਜੋ ਉਥੋਂ ਦੀ ਵਸੋਂ ਵਿੱਚ ਇਨ੍ਹਾਂ ਬਿਮਾਰੀਆਂ ਪ੍ਰਤੀ ਜਰਾ ਜਿੰਨੀ ਵੀ ਰੋਗ ਰੋਧਕਤਾ ਨਹੀਂ ਹੁੰਦੀ !

**ਔਰਤ ਸੂਤਰਧਾਰ :** ਆਲਮੀ ਤਪਸ਼ ਕਾਰਨ ਜਿਹੜੇ ਨਵੇਂ ਰੋਗ ਫੈਲਦੇ ਹਨ ਵਿਸ਼ੇਸ਼ ਕਰਕੇ ਵਿਸ਼ਾਣੂ (ਵਾਇਰਲ) ਰੋਗ, ਉਨ੍ਹਾਂ ਨਾਲ ਜਿੱਥੇ ਇੱਕ ਪਾਸੇ ਮਨੁੱਖੀ ਸਰੀਰ ਦੀ ਲੜਨ ਸ਼ਕਤੀ ਘੱਟ ਹੁੰਦੀ ਹੈ ਉਥੇ ਉਸਦੀ ਜਾਂਚ ਅਤੇ ਇਲਾਜ ਵਾਸਤੇ ਸਾਜੋ ਸਮਾਨ ਤੇ ਦਵਾਈਆਂ ਆਦਿ ਵੀ ਵਿਕਸਿਤ ਨਹੀਂ ਹੋਈਆਂ ਹੁੰਦੀਆਂ ਜਿਸ ਕਰਕੇ ਇਹ ਜਿਆਦਾ ਗਾਤਕ ਹੋ ਨਿਬੜਦੇ ਹਨ !

**ਮਰਦ ਸੂਤਰਧਾਰ :** ਜਲਵਾਯੂ ਬਦਲਾਅ ਕਾਰਨ ਕਿਸਿੰਗ ਬੱਗ ਦੇ ਕੱਟਣ ਦੇ ਮਾਮਲੇ ਵਧ ਜਾਂਦੇ ਹਨ ਤੇ ਚਾਗਾਜ਼ ਡਿਜ਼ੀਜ਼

ਜਿਆਦਾ ਫੈਲਦੀ ਹੈ ! ਪੂਰਬੀ ਅਫਰੀਕਾ ਵਿੱਚ ਹਾਈਲੈਂਡਜ਼ ਉਪਰ ਬਹੁਤ ਸਾਰੀਆਂ ਨਵੀਂਆਂ ਬਿਮਾਰੀਆਂ ਤਾਪਮਾਨ ਵਧਣ ਕਰਕੇ ਸਿਰ ਚੁੱਕ ਰਹੀਆਂ ਹਨ !

**ਔਰਤ ਸੂਤਰਧਾਰ** : ਸੁਣਾਈ ਸੀ ਉਹ ਕਹਾਣੀ ਵੀ ਕਿ ਗਲੋਬਲ ਵਾਰਮਿੰਗ ਦੀ ਰਫ਼ਤਾਰ ਇਹੀ ਰਹਿਣ ਨਾਲ ਸੰਨ 2050 ਤੱਕ ਫਾਈਲੇਰੀਆ ਦੇ ਰੋਗੀਆਂ ਦੀ ਸੰਖਿਆ ਤਕਰੀਬਨ 3 ਗੁਣਾ ਹੋ ਜਾਵੇਗੀ।

**ਮਰਦ ਸੂਤਰਧਾਰ** : ਸਾਨੂੰ ਪਤਾ ਚੱਲ ਗਿਆ ਸੀ ਕਿ ਆਲਮੀ ਤਪਸ਼ ਕਾਰਨ ਮਲੇਰੀਆ, ਫਲੇਰੀਆ, ਚਾਗਾਜ਼ ਡਿਜ਼ੀਜ਼, ਲੇਸ਼ਮੇਨੀਆਸਿਸ, ਲਾਈਮ ਡਿਜ਼ੀਜ਼, ਬੇਬੀਸੀਓਸਿਸ ਵਰਗੀਆਂ ਬਿਮਾਰੀਆਂ ਜਿਹੜੀਆਂ ਪਹਿਲਾਂ ਠੰਢੇ ਇਲਾਕਿਆਂ ਵਿੱਚ ਨਹੀਂ ਸੀ ਹੁੰਦੀਆਂ ਹੁਣ ਉਥੇ ਵੀ ਹੋਣ ਲੱਗ ਗਈਆਂ ਤਾਪਮਾਨ ਵਧਣ ਤੇ ਠੰਢ ਘੱਟਣ ਦੀ ਬਦੌਲਤ !

**ਔਰਤ ਸੂਤਰਧਾਰ** : ਸੁਣਾ ਦਿੱਤੀ ਸੀ ਕਹਾਣੀ ਕਿ ਕਿਵੇਂ ਤਾਪਮਾਨਅਤੇ ਸਿਲ੍ਹ ਵਧਣ ਨਾਲ ਬਿਮਾਰੀਆਂ ਦੇ ਵਾਹਕ ਕੀਟ ਤੇਜੀ ਨਾਲ ਵੱਧਣ ਫੁੱਲਣ ਲੱਗ ਜਾਂਦੇ ਹਨ ਜਿਵੇਂ ਅਸੀਂ ਸੌਣ-ਭਾਦੋਂ ਦੇ ਮਹੀਨੇ ਇਥੇ ਪੰਜਾਬ ਵਿੱਚ ਵੀ ਵੇਖਦੇ ਹਾਂ ਕਿ ਮੱਖੀ ਮੱਛਰ , ਕੀਟ ਪਤੰਗ ਬਹੁਤ ਜਿਆਦਾ ਵਧ ਜਾਂਦੇ ਹਨ ਤੇ ਇਸ ਮੌਸਮ ਨੂੰ ਕੱਚਾ ਮੌਸਮ ਕਹਿੰਦੇ ਹਨ! ਇਸ ਮੌਸਮ ਵਿੱਚ ਹੈਜਾ , ਦਸਤ ਤੇ ਅੰਤੜੀਆਂ ਦੇ ਕੀੜੇ ਵਧ ਜਾਂਦੇ ਹਨ , ਮਹਾਂਮਾਰੀਆਂ ਫੈਲਣ ਦਾ ਡਰ ਰਹਿੰਦਾ ਹੈ !

**ਮਰਦ ਸੂਤਰਧਾਰ** : ਜਲਵਾਯੂ ਬਦਲਾਅ ਕਾਰਨ ਆਈਆਂ ਭਾਰੀ ਬਾਰਸ਼ਾਂ ਦੌਰਾਨ ਪੀਣ ਦੇ ਪਾਣੀ ਦੀ , ਸਵਿੰਜ ਦੀ ਅਤੇ ਕੂੜਾ ਕਰਕਟ ਦੇ ਨਿਪਟਾਰੇ ਦੀ ਵਿਵਸਥਾ ਲੜ ਖੜਾ ਜਾਂਦੀ ਹੈ ! ਸੀਵੇਜ ਦਾ ਨਿਕਾਸ ਬਿਨਾ ਉਪਚਾਰ ਪੀਣ ਦੇ ਪਾਣੀ ਵਿੱਚ ਮਿਲ ਜਾਂਦਾ ਹੇ , ਪੀਣ ਦਾ ਪਾਣੀ ਦੂਸ਼ਿਤ ਹੋ ਜਾਂਦਾ ਹੈ ਤੇ ਪਾਣੀ ਤੋਂ ਹੋਣ ਵਾਲੇ ਬਹੁਤ ਸਾਰੇ ਰੋਗ ਫੈਲ ਜਾਂਦੇ ਹਨ !

**ਔਰਤ ਸੂਤਰਧਾਰ** : ਅਲ ਨੀਨੋ ਤੂਫ਼ਾਨ ਤੋਂ ਬਾਅਦ ਮਾਈਕ੍ਰੋਨੇਸ਼ੀਆ ਦੇ ਚੱਕ ਦੀਪ ਉਪਰ ਵਸਦੇ ਲੋਕਾਂ ਵਿੱਚ ਦਸਤ ਦੇ ਰੋਗੀਆਂ ਦੀ ਗਿਣਤੀ ਵਿੱਚ ਬੇ-ਹਿਸਾਬ ਵਾਧਾ ਹੋ ਗਿਆ ਸੀ।

**ਮਰਦ ਸੂਤਰਧਾਰ** : ਇਹ ਵੀ ਪਾਇਆ ਗਿਆ ਹੈ ਕਿ ਤਾਪਮਾਨ ਦੇ ਵਾਧੇ ਨਾਲ ਜਿਆਦਾ ਵਧਣ ਵਾਲੇ ਰੋਗ ਵਾਹਕ ਕੀਟਨਾਸ਼ਕਾਂ ਨਾਲ ਮਰਦੇ ਵੀ ਨਹੀਂ ਜਿਸ ਕਰਕੇ ਬਿਮਾਰੀਆਂ ਹੋਰ ਵੀ ਵਧ ਜਾਂਦੀਆਂ ਹਨ !

**ਔਰਤ ਸੂਤਰਧਾਰ** : ਬਰਫ ਦੇ ਪਿਘਲਣ ਨਾਲ ਉਸ ਵਿੱਚ ਦਬੇ ਜਾਨਵਰਾਂ ਵਿੱਚ ਪਏ ਕਿਰਿਆਹੀਣ ਕਿਟਾਣੂ ਮੁੜ ਕਿਰਿਆਸ਼ੀਲ ਹੋ ਜਾਂਦੇ ਹਨ ! ਜਿਵੇਂ ਰੇਂਡੀਅਰ ਦੇ 75 ਸਾਲ ਪਹਿਲਾਂ ਬਰਫ ਵਿੱਚ ਦਬੇ ਸਰੀਰ ਦੇ ਨਿੱਕਲਣ ਨਾਲ ਐਂਥਰੈਕਸ ਦੇ ਬੈਕਟੀਰਿਆਂ ਕਿਰਿਆਸ਼ੀਲ ਹੋ ਗਏ ਤੇ ਅਚਾਨਕ ਰੋਗ ਫੈਲ ਗਿਆ !

**ਮਰਦ ਸੂਤਰਧਾਰ** : ਤੁਸੀਂ ਸੁਣੀ ਸੀ ਕਹਾਣੀ ਕਿ ਕਿਵੇਂ ਆਲਮੀ ਤਪਸ਼ ਕਾਰਨ ਜ਼ੀਕਾ ਵਾਇਰਸ ਦੇ ਕਿਰਿਸ਼ੀਲ ਹੋਣ ਨਾਲ ਇਹ ਰੋਗ ਫੈਲ ਗਿਆ ਤੇ ਬਰਾਜ਼ੀਲ ਵਿੱਚ ਤਾਂ ਛੋਟੇ ਸਿਰ ( ਮਾਈਕਰੋਸਿਫੈਲੀ ਦੇ ਮਾਮਲਿਆਂ ਵਿੱਚ ਅਚਾਨਕ ਵਾਧਾ ਹੋ ਗਿਆ !

**ਔਰਤ ਸੂਤਰਧਾਰ** : ਅਸੀਂ ਜਲਵਾਯੂ ਬਦਲਾਅ ਦੇ ਕਾਰਨ ਭੋਜਨ ਸੁਰੱਖਿਆ ਦੇ ਲੜਖੜਾਉਣ ਦੀ ਵੀ ਕੀਤੀ ਸੀ ਗੱਲ !

**ਮਰਦ ਸੂਤਰਧਾਰ :** ਸੁਣਾਈ ਸੀ ਕਹਾਣੀ ਕਿ ਕਿਵੇਂ ਗਰਮ ਤੇ ਤਰ, ਗਰਮ ਤੇ ਖੁਸ਼ਕ ਜਾਂ ਫਿਰ ਸਿਲ੍ਹ ਵਾਲਾ ਮੌਸਮ ਪ੍ਰਭਾਵਤ ਕਰਦਾ ਹੈ ਭੋਜਨ ਪਦਾਰਥਾਂ ਦੇ ਉਤਪਾਦਨ ਨੂੰ !

**ਔਰਤ ਸੂਤਰਧਾਰ:** ਆਲਮੀ ਤਪਸ਼ ਕਾਰਨ ਉਤਪਾਦਨ ਪ੍ਰਭਾਵਤ ਹੋਣ ਨਾਲ ਪ੍ਰਭਾਵ ਪੈਂਦਾ ਹੈ ਇਨ੍ਹਾਂ ਪਦਾਰਥਾਂ ਦੀ ਉਪਲਬਧਤਾ 'ਤੇ ਵੀ ਅਤੇ ਭੂਗੋਲਿਕ ਖਿੱਤਿਆਂ ਵਿੱਚ ਇਸਦੀ ਵੰਡ 'ਤੇ ਵੀ ! ਭੋਜਨ ਪਦਾਰਥ ਮਹਿੰਗੇ ਹੋਣ ਨਾਲ ਗਰੀਬਾਂ ਦੀ ਪਹੁੰਚ ਵਿੱਚੋਂ ਜਾਂਦੇ ਨੇ ਨਿੱਕਲ !

**ਮਰਦ ਸੂਤਰਧਾਰ :** ਵਧਦਾ ਤਾਪਮਾਨ ਭੋਜਨ ਪਦਾਰਥਾਂ ਦੀ ਪੌਸ਼ਟਿਕਤਾ ਅਤੇ ਪੋਸ਼ਣ ਸਮਰੱਥਾ ਉਪਰ ਵੀ ਵਿਪਰੀਤ ਪ੍ਰਭਾਵ ਪਾਉਂਦਾ ਹੈ ! ਇਸ ਨਾਲ ਕੁਪੋਸ਼ਣ ਵੱਧ ਕੇ ਕੁਪੋਸ਼ਣ ਦੀਆਂ ਬਿਮਾਰੀਆਂ ਵਿੱਚ ਵੀ ਹੋ ਜਾਂਦਾ ਹੈ ਵਾਧਾ !

**ਔਰਤ ਸੂਤਰਧਾਰ :** ਜਲਵਾਯੂ ਬਦਲਾਅ ਦੇ ਲੇਖੇ ਲੱਗ ਜਾਂਦੀ ਹੈ ਭੋਜਨ ਵਿਵਸਥਾ ਅਤੇ ਵਿਕਰਾਲ ਰੂਪ ਧਾਰਣ ਕਰ ਲੈਂਦੀ ਹੈ ਸੰਸਾਰ ਪੱਧਰ ਦੀ ਭੁੱਖਮਰੀ !

**ਮਰਦ ਸੂਤਰਧਾਰ :** ਬੇਸ਼ੱਕ ਅਨਾਜ ਦੇ ਉਤਪਾਦਨ ਦਾ ਪ੍ਰਭਾਵ ਪੈਂਦਾ ਹੈ ਪੋਸ਼ਣ 'ਤੇ ਪਰ ਇਸਦੀ ਉਪਲਬਧਤਾ ਦਾ ਪ੍ਰਭਾਵ ਹੋਰ ਵੀ ਗਹਿਰਾ ਹੈ ! ਜਦ ਅਨਾਜ ਮਹਿੰਗਾ ਹੋ ਜਾਣ ਕਾਰਨ ਪੈਸੇ ਦੀ ਥੁੜੋਂ ਗਰੀਬ ਲੋਕ ਇਸਨੂੰ ਖ੍ਰੀਦ ਨਹੀਂ ਸਕਦੇ ਤਾਂ ਵੀ ਕੁਪੋਸ਼ਣ 'ਤੇ ਬਿਮਾਰੀਆਂ ਫੈਲਦੀਆਂ ਹਨ ਪ੍ਰੰਤੂ ਆਲਮੀ ਤਪਸ਼ ਕਾਰਨ ਮਹਿੰਗਾ ਹੋਇਆ ਅਨਾਜ ਗਰੀਬਾਂ ਵਾਸਤੇ ਹੋਰ ਵੀ ਘਾਤਕ ਹੋ ਨਿਬੜਦਾ ਹੈ !

**ਔਰਤ ਸੂਤਰਧਾਰ :** ਵਧਦਾ ਤਾਪਮਾਨ ਫਸਲਾਂ ਨੂੰ ਨਸ਼ਟ ਕਰਨ ਵਾਲੇ ਕੀੜਿਆਂ ਨੂੰ ਵੀ ਮੁਆਫਿਕ ਹੁੰਦਾ ਹੈ ! ਵਧੇ ਕੀਟ ਫਸਲ ਨੂੰ ਕਰ ਜਾਂਦੇ ਨੇ ਚਟਮ ਅਤੇ ਉਤਪਾਦਨ ਜਾਂਦਾ ਹੈ ਘਟ ਵਿਸ਼ਾਲ ਪੈਮਾਨੇ 'ਤੇ !

**ਮਰਦ ਸੂਤਰਧਾਰ :** ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੇ ਸਮਾਜਿਕ, ਆਰਥਿਕ ਤੇ ਪਰਿਆਵਰਣੀ ਪ੍ਰਭਾਵਾਂ ਬਾਬਤ ਕੀਤੀ ਸੀ ਚਰਚਾ !

**ਔਰਤ ਸੂਤਰਧਾਰ :** ਸੁਣਾ ਦਿੱਤੀ ਸੀ ਕਹਾਣੀ ਕਿ ਹਰਿਤ ਘਰ ਪ੍ਰਭਾਵ ਗੈਸਾਂ ਵਿੱਚ ਕਾਰਬਨਡਾਈਅਕਸਾਈਡ ਸੱਭ ਤੋਂ ਵੱਧ ਜ਼ਿੰਮੇਵਾਰ ਹੈ ਅਤੇ ਇਸਦੇ ਨਾਲ ਹੀ ਨੇ ਮੀਥੇਨ, ਨਾਈਟਰਸ ਅਕਸਾਈਡ, ਓਜ਼ੋਨ, ਜਲ ਵਾਸ਼ਪ, ਕਲੋਰੋਫਲੋਰੋਕਾਰਬਨ ਅਤੇ ਹਾਈਡਰੋ ਫਲੋਰੋਕਾਰਬਨ ਵੀ ਸ਼ਾਮਲ ਨੇ ਹਰਿਤ ਘਰ ਗੈਸਾਂ ਦੇ ਵਿੱਚ !

**ਮਰਦ ਸੂਤਰਧਾਰ :** ਕਾਰਬਨਡਾਈਅਕਸਾਈਡ ਬੇਸ਼ੱਕ ਫਸਲੀ ਉਤਪਾਦਨ ਵਾਸਤੇ ਜਰੂਰੀ ਹੈ ਅਤੇ ਧਰਤੀ ਨੂੰ ਠੰਢੀ ਯੱਖ ਬਣਨ ਦੇਣ ਤੋਂ ਵੀ ਰੋਕਦੀ ਹੈ ਪਰ ਵਾਯੂਮੰਡਲ ਵਿੱਚ ਇਸਦਾ ਇੱਕ ਸੰਤੁਲਨ ਜਰੂਰੀ ਹੈ ! ਇਸ ਸੰਤੁਲਨ ਦੇ ਵਿਗੜਣ ਨਾਲ ਆਲਮੀ ਤਪਸ਼ ਵਧੇਗੀ ਅਤੇ ਸਾਰੇ ਤਾਣੇ ਬਾਣੇ ਨੂੰ ਤਹਿਸ਼ ਨਹਿਸ਼ ਕਰ ਦੇਵੇਗੀ !

**ਔਰਤ ਸੂਤਰਧਾਰ :** ਆਲਮੀ ਤਪਸ਼ ਸਾਡੇ ਭਾਰਤ ਵਰਗੇ ਖੇਤੀ ਪ੍ਰਧਾਨ ਮੁਲਕ ਨੂੰ ਖੇਤੀ ਉਤਪਾਦਨ ਘਟਾ ਕੇ , ਮਾਨਸੂਨ ਦਾ ਮਿਜ਼ਾਜ਼ ਬਦਲ ਕੇ, ਸੋਕੇ ਪਾ ਕੇ ਜਾਂ ਹੜ੍ਹ ਲਿਆ ਕੇ ਕਿਸਾਨ ਦੇ ਅਤੇ ਰਾਸਟਰੀ ਅਰਥਚਾਰੇ ਨੂੰ

ਡੁਬੋ ਗੇਵੇਗੀ !

**ਮਰਦ ਸੂਤਰਧਾਰ :** ਸਾਡੇ ਪਸ਼ੂਧਨ ਨੂੰ ਵੀ ਨੁਕਸਾਨ ਕਰਕੇ ਸਾਡੀ ਭੋਜਨ ਲੜੀ , ਆਮਦਨ ਸਮਰੱਥਾ ਤੇ ਸਮਾਜਿਕ ਵਰਤਾਓ ਨੂੰ ਬਦਲ ਸਕਦੀ ਹੈ !

**ਔਰਤ ਸੂਤਰਧਾਰ :** ਸਾਡੇ ਸਾਹਮਣੇ ਇਹ ਤੱਥ ਵੀ ਪੇਸ਼ ਹੋਏ ਸਨ ਕਿ ਜਲਵਾਯੂ ਬਦਲਾ ਕਾਰਨ ਲੂਆਂ ਲੱਗਣਾ , ਬਿਮਾਰੀਆਂ ਵਧਣਾ ਅਤੇ ਵਿਸਥਾਪਣ ਮਨੁੱਖੀ ਰਿਸਤਿਆਂ ਨੂੰ ਵੱਡੇ ਪੱਧਰ ‘ਤੇ ਪ੍ਰਭਾਵਤ ਕਰਦਾ ਹੈ !

**ਮਰਦ ਸੂਤਰਧਾਰ :** ਵਧਦੇ ਤਾਪਮਾਨ ਨੂੰ ਝੱਲਣ ਤੋਂ ਅਸਮਰੱਥ ਪ੍ਰਜਾਤੀਆਂ ਵਿਲੁਪਤ ਹੋ ਜਾਂਦੀਆਂ ਹਨ ਜਿਨ੍ਹਾਂ ਕਾਰਨ ਭੋਜਨ ਲੜੀ ਵਿੱਚ ਸ਼ਾਮਲ ਹੋਰ ਪ੍ਰਜਾਤੀਆਂ ਵੀ ਵਿਲੁਪਤ ਹੋ ਜਾਂਦੀਆਂ ਹਨ ਜਾਂ ਵਿਸਥਾਪਿਤ ਹੋ ਜਾਂਦੀਆਂ ਹਨ ਜਿਸ ਨਾਲ ਪੂਰਾ ਦਾ ਪੂਰਾ ਪਰਿਆਵਰਣੀ ਢਾਂਚਾ ਹਿੱਲ ਜਾਵੇਗਾ !

**ਔਰਤ ਸੂਤਰਧਾਰ :** ਇੱਕ ਪਾਸੇ ਬਰਫ ਪਿਘਲਣ ਕਰਕੇ ਸਮੁੰਦਰੀ ਤਲ ਤੋਂ 10 ਮੀਟਰ ਉਚਾਈ ਤੱਕ ਵਸਦੀ ਵਸੋਂ ਸਮੁੰਦਰ ਦਾ ਜਲ ਪੱਧਰ ਵਧਣ ਕਰਕੇ ਖਤਰੇ ਦੀ ਮਾਰ ਹੇਠ ਜਾਵੇਗਾ ਅਤੇ ਦੂਜੇ ਪਾਸੇ ਗਲੇਸ਼ੀਅਰਾਂ ਦੇ ਛੋਟੇ ਹੋ ਜਾਣ ਕਾਰਨ ਦਰਿਆਵਾਂ ਵਿੱਚ ਜਲ ਘਟ ਜਾਵੇਗਾ , ਪੀਣ ਲਈ ਤੇ ਸਿੰਚਾਈ ਲਈ ਪਾਣੀ ਦੀ ਕਿੱਲਤ ਹੋ ਜਾਵੇਗੀ ਤੇ ਖੇਤੀ ਤੇ ਪਸ਼ੂ ਪਾਲਣ ਆਧਾਰਤ ਅਰਥਚਾਰਾ ਤੇ ਸਮਾਜਿਕ ਤਾਣਾ ਬਾਣਾ ਤਬਾਹੀ ਵੱਲ ਵਧੇਗਾ !

**ਮਰਦ ਸੂਤਰਧਾਰ :** ਅਸੀਂ ਤਾਂ ਇਹ ਕਹਾਣੀ ਵੀ ਸੁਣਾ ਦਿੱਤੀ ਸੀ ਕਿ ਕਈ ਅਜਿਹੇ ਵਿਚਾਰ ਵੀ ਹਨ ਜਿਹੜੇ ਕਹਿੰਦੇ ਹਨ ਕਿ ਆਲਮੀ ਤਪਸ਼ ਦਾ ਖਤਰਾ ਕੋਈ ਨਹੀਂ ਸਗੋਂ ਅਗਲੇ ਛੇ ਦਹਾਕਿਆਂ ਯਾਣੀ 2080 ਤੱਕ ਤਾਂ ਇਸ ਤਪਸ਼ ਦੇ ਵਧਣ ਨਾਲ ਫਾਇਦੇ ਹੋਣਗੇ !

**ਔਰਤ ਸੂਤਰਧਾਰ :** ਸੁਣਾਇਆ ਸੀ ਕਿੱਸਾ ਕਿ ਬੇਸ਼ੱਕ ਸੰਸਾਰ ਦੇ 196 ਦੇਸ਼ਾਂ ਨੇ ਮਿਲ ਕੇ ਸੰਧੀ ਕੀਤੀ ਹੈ ਕਿ ਤਾਪਮਾਨ ਦੇ ਵਾਧੇ ਨੂੰ 1.5 ਤੋਂ 2 ਡਿਗਰੀ ਸੈਲਸੀਅਸ ਤੱਕ ਹੀ ਸੀਮਤ ਕੀਤਾ ਜਾਵੇ ਪਰ ਜਿਸ ਕਾਰਬਨਡਾਈਅਕਸਾਈਡ ਦੇ ਵਧਦੇ ਜਾਣ ਨੂੰ ਦੋਸ਼ੀ ਕਿਹਾ ਜਾ ਰਿਹਾ ਹੈ ਉਹ ਵੀ ਹੈ ਫਾਇਦੇਮਮਦ ਕਿਉਂ ਜੋ ਜਲਵਾਯੂ ਵਿੱਚ ਜਿਆਦਾ ਕਾਰਬਨ ਡਾਈਅਕਸਾਈਡ ਵਧਾਏਗੀ ਫਸਲਾਂ ਦਾ ਝਾੜ ਅਤੇ ਪੌਦਿਆਂ ਵਾਸਤੇ ਪ੍ਰਕਾਸ਼ ਸੰਸਲੇਸ਼ਣ ਰਾਹੀਂ ਵੱਧ ਭੋਜਨ ਬਣਾ ਕੇ ਧਰਤੀ ‘ਤੇ ਵਧਾ ਦੇਵੇਗੀ ਹਰਿਆਲੀ ਨੂੰ ਵੀ !

**ਮਰਦ ਸੂਤਰਧਾਰ :** ਇਹ ਤੱਥ ਅਤੇ ਉਸਦੇ ਪਿਛੇ ਵਿਗਿਆਨ ਵੀ ਪੇਸ਼ ਕਰ ਦਿੱਤਾ ਸੀ ਜਿਹੜਾ ਦਸਦਾ ਹੈ ਕਿ ਸਟਰੈਟੋਸਫੀਅਰ ਵਿਚਲੀ ਕਾਰਬਨਡਾਈਅਕਸਾਈਡ ਖਤਮ ਕਰਦੀ ਹੈ ਓਨ੍ਹਾਂ ਕਾਰਕਾਂ ਨੂੰ ਜਿਹੜੇ ਨਸ਼ਟ ਕਰਦੇ ਨੇ ਓਜ਼ੋਨ ਅਤੇ ਇਸਤਰ੍ਹਾਂ ਓਜ਼ੋਨ ਦਾ ਸੁਰੱਖਿਅਣ ਕਰਕੇ ਮੁਰੰਮਤ ਕਰਦੀ ਹੈ ਓਜ਼ੋਨ ਮੋਰੀ ਦੀ ਅਤੇ ਮੋਟਾ ਕਰਦੀ ਹੈ ਓਜ਼ੋਨ ਪਰਤ ਨੂੰ ਵੀ !

**ਔਰਤ ਸੂਤਰਧਾਰ :** ਇਹ ਵੀ ਸੁਣਾ ਦਿੱਤਾ ਸੀ ਸੱਚ ਕਿ ਉਤਰੀ ਧਰੁਵੀ ਬਰਫ ਦੇ ਪਿਘਲਣ ਨਾਲ ਖੁਲ੍ਹੇਗਾ ਰਸਤਾ ਅੰਧ ਮਹਾਸਾਗਰ ਅਤੇ ਪ੍ਰਸ਼ਾਂਤ ਮਹਾਸਾਗਰ ਦੇ ਦਰਮਿਆਨ ਵੀ ਅਤੇ ਵਧਾਏਗਾ ਵਪਾਰ ਵੀ !

**ਮਰਦ ਸੂਤਰਧਾਰ** : ਸੰਸਾਰਕਹਾਣੀ ਤਾਂ ਸੁਣਾ ਦਿੱਤੀ ਸੀ ਸਰਦਿਆਂ ਦੌਰਾਨ ਘਟਦੀਆਂ ਮੌਤਾਂ ਦੀ ਅਤੇ ਵਰਖਾ ਵਣਾਂ ਦੇ ਵਾਧੇ ਦੀ ਜੋ ਹੁੰਦਾ ਹੈ ਬਦਲੌਤ ਵਧਦੇ ਤਾਪਮਾਨ ਦੀ !

**ਔਰਤ ਸੂਤਰਧਾਰ** : ਪਰ ਸਾਰੀ ਚਰਚਾ ਦਾ ਸਮੁਚਾ ਸਾਰ ਤਾਂ ਇਹੀ ਨਿੱਕਲਿਆ ਸੀ ਕਿ ਤੱਥਾਂ ਅਤੇ ਵਿਗਿਆਨਕ ਨਿਯਮਾਂ / ਵਰਤਾਰਿਆਂ ਦੇ ਸਨਮੁੱਖ ਜਦ ਉਨ੍ਹਾਂ ਨੂੰ ਸਮੁਚੇ ਰੂਪ ਵਿੱਚ ਲੰਬੀ ਅਵਧੀ ਲਈ ਜਾਂਚਿਆ ਪਰਖਿਆ ਜਾਵੇ ਤਾਂ ਆਲਮੀ ਤਪਸ਼ ਦੇ ਅਤੇ ਬਦਲਦੇ ਜਲਵਾਯੂ ਦੇ ਸਾਡੇ ਜੀਵਣ ਦੇ ਹਰ ਖੇਤਰ ਵਿੱਚ ਛੋਟੇ ਮੋਟੇ ਅਲਪ ਕਾਲ ਫਾਇਦਿਆਂ ਦੇ ਮੁਕਾਬਲੇ ਵੱਡੇ ਵੱਡੇ ਦੀਰਘ ਕਾਲੀਨ ਨੁਕਸਾਨ ਜਿਆਦਾ ਹਨ !

**ਮਰਦ ਸੂਤਰਧਾਰ** : ਨਿਸਕਰਸ਼ ਤਾਂ ਇਹੀ ਨਿੱਕਲਿਆ ਸੀ ਕਿ ਜਲਵਾਯੂ ਬਦਲਾਅ ਅਤੇ ਆਲਮੀ ਤਪਸ਼ ਦੇ ਮਾੜੇ ਪ੍ਰਭਾਵਾਂ ਤੋਂ ਤਾਂ ਜੈਵਿਕ ਤੇ ਨਿਰਜੀਵ ਸੰਸਾਰ ਦਾ ਕੋਈ ਵੀ ਅੰਗ ਬਚਿਆ ਨਹੀਂ ਹੋਇਆ। ਜਾਨਵਰ, ਪਸ਼ੂ-ਪੰਛੀ, ਕੀੜੇ-ਮਕੌੜੇ, ਪੇੜ-ਪੌਦੇ ਅਤੇ ਬਨਸਪਤੀ ਵੀ ਤਾਂ ਜਲਵਾਯੂ ਬਦਲਾਅ ਦੀ ਮਾਰ ਹੇਠ ਆਉਂਦੇ ਹਨ।

**ਔਰਤ ਸੂਤਰਧਾਰ** : ਵਕਤ ਰਹਿੰਦੇ ਸੰਭਲਣ ਦੀ ਸਖਤ ਜਰੂਰਤ ਹੈ।

**ਪ੍ਰਸ਼ਨ ਜੋ ਹੋ ਸਕਦੇ ਹਨ, ਜਿਨ੍ਹਾਂ ਦੇ ਜਵਾਬ ਦੇਣ ਦੀ ਲੋੜ ਹੈ!**

1. ਤਪਦੀ ਧਰਤੀ ਕਾਰਨ ਉਤਰੀ ਧਰੁਵੀ ਬਰਫ ਪਿਘਲਣ ਦਾ ਕੀ ਹੋਵੇਗਾ ਪ੍ਰਭਾਵ ?
2. ਮਹਾਂਸਾਗਰਾਂ ਦੇ ਜਲ ਦਾ ਤੇਜਾਬੀਪਣ ਕਿਉਂ ਵਧੇਗਾ ਤੇ ਕੀ ਹੋਣਗੇ ਨੁਕਸਾਨ ?
3. ਸਮੁੰਦਰਾਂ ਦੇ ਜਲ ਪੱਧਰ ਦੇ ਚੜ੍ਹਣ ਦੇ ਕੀ ਪੈਣਗੇ ਪ੍ਰਭਾਵ ?
4. ਗਲੇਸ਼ੀਅਰ ਪਿਘਲਣ ਦੇ ਪੀਣ ਵਾਲੇ ਪਾਣੀ ਅਤੇ ਸਿੰਚਾਈ ਲਈ ਪਾਣੀ ਉਪਰ ਪੈਣ ਵਾਲੇ ਕਿਹੜੇ ਹੋਣਗੇ ਪ੍ਰਭਾਵ
5. ਫਸਲਾਂ ਦੇ ਉਤਪਾਦਨ ਉਪਰ ਵਧਦੀ ਤਪਸ਼ ਦਾ ਪ੍ਰਭਾਵ ਕਿਵੇਂ ਪੈਂਦਾ ਹੈ ?
6. ਮਨੁੱਖੀ ਸਿਹਤ ਤੇ ਜਲਵਾਯੂ ਬਦਲਾ ਕਿਵੇਂ ਹੁੰਦਾ ਹੈ ਅਸਰ ਅੰਦਾਜ਼ ?
7. ਤਪਸ਼ ਨਾਲ ਬਿਮਾਰੀਆਂ ਅਤੇ ਮੌਤਾਂ ਕਿਉਂ ਜਾਂਦੀਆਂ ਨੇ ਵੱਧ ?
8. ਕਾਰਬਨਡਾਈਅਕਸਾਈਡ ਕਿਵੇਂ ਕਰਦੀ ਹੈ ਓਜ਼ੋਨ ਪਰਤ ਦੀ ਮੋਰੀ ਦੀ ਮੁਰੰਮਤ ?
9. ਓਜ਼ੋਨ ਪਰਤ ਦੀ ਮੋਰੀ ਦੀ ਮੁਰੰਮਤ ਵਿੱਚ ਅੰਤਰ ਰਾਸਟਰੀ ਸਹਿਮਤੀਆਂ ਦਾ ਕੀ ਪਿਆ ਹੈ ਪ੍ਰਭਾਵ ?
10. ਕਾਰਬਨਡਾਈਅਕਸਾਇਡ ਪ੍ਰਕਾਸ਼ ਸੰਸਲੇਸ਼ਣ ਵਧਾ ਕੇ ਉਤਪਾਦਨ ਤੇ ਹਰਿਆਲੀ ਵਧਾਉਂਦੀ ਹੈ ਤਾਂ ਫਸਲਾਂ ਵਾਸਤੇ ਇਹ ਹਾਨੀਕਾਰਕ ਕਿਵੇਂ ਹੋਈ ?
11. ਬਰਫ ਪਿਘਲਣ ਨਾਲ ਵਪਾਰਕ ਰਸਤੇ ਖੁਲ੍ਹ ਜਾਂਦੇ ਹਨ ਅਤੇ ਖੇਤੀ ਯੋਗ ਸਮਾ ਅਵਧੀ ਵੱਧ ਜਾਂਦੀ ਹੈ , ਤਾਂ ਆਲਮੀ ਤਪਸ਼ ਨੁਕਸਾਨਦਾਇਕ ਕਿਵੇਂ ਹੋਈ ?
12. ਜੰਗਲਾਂ ਦੀ ਹਰਿਆਲੀ ਘਟਣ ਦਾ ਕਿਵੇਂ ਪੈਂਦਾ ਹੈ ਪ੍ਰਭਾਵ ਭੋਜਨ ਲੜੀ ‘ਤੇ ?

13. ਸ਼ਾਕਾਹਾਰੀਆਂ ਦੇ ਖਤਮ ਹੋਣ ਦਾ ਮਾਸਾਹਾਰੀਆਂ ਦਾ ਕਿਉਂ ਹੋ ਜਾਂਦਾ ਹੈ ਖਾਤਮਾ ?

14. ਸਮੁੰਦਰੀ ਜਲ ਦੇ ਚੜ੍ਹਣ ਨਾਲ ਕਿਵੇਂ ਹੁੰਦਾ ਹੈ ਨੁਕਸਾਨ ਜਲ ਜੀਵਣ ਦੀ ਵਿਭਿੰਨਤਾ ਨੂੰ ?

15. ਜਲਵਾਯੂ ਰਿਫਿਊਜੀ ਕੌਣ ਹੁੰਦੇ ਹਨ ?

16. ਇਨ੍ਹਾਂ ਦੇ ਮੁੜ ਵਸੇਬੇ ਵਾਸਤੇ ਕੀ ਹਨ ਪ੍ਰਵਾਧਾਨ ਅੰਤਰ ਰਾਸਟਰੀ ਸਹਿਮਤੀਆਂ ਵਿੱਚ ?

17. ਆਲਮੀ ਤਪਸ਼ ਨਾਲ ਬਿਮਾਰੀਆਂ ਕਿਉਂ ਵਧ ਜਾਂਦੀਆਂ ਹਨ ?

18. ਆਲਮੀ ਤਪਸ਼ ਦਾ ਮਨੁੱਖੀ ਪੋਸ਼ਣ 'ਤੇ ਕੀ ਪਵੇਗਾ ਪ੍ਰਭਾਵ ?

19. ਕਾਰਬਨ ਪੈੜਾਂ ਘਟਾਉਣ ਦੀ ਮੁਹਿੰਮ ਨਾਲ ਤਾਂ ਸਾਡੇ ਲੋਕਾਂ ਦੀ ਰੋਜੀ ਰੋਟੀ ਖੋਹ ਕੇ ਸਾਡਾ ਵਿਕਾਸ ਰੁੱਕ ਜਾਵੇਗਾ ! ਤਾਂ ਇਹ ਮੁਹਿੰਮ ਕਿਉਂ ?

20. ਆਲਮੀ ਤਪਸ਼ ਸਾਡੇ ਅਰਥਚਾਰੇ ਨੂੰ ਕਿਵੇਂ ਕਰਦੀ ਹੈ ਪ੍ਰਭਾਵਤ ?

21. ਸ਼ਾਡਾ ਸਮਾਜਿਕ ਤਾਣਾ ਬਾਣਾ ਕਿਵੇਂ ਜੁੜਿਆ ਹੈ ਪਰਿਆਵਰਣੀ ਪ੍ਰਸਿਥਿਤਿਕ ਤੰਤਰ ਦੇ ਨਾਲ ?

22. ਆਲਮੀ ਤਪਸ਼ ਸਾਡੇ ਰੁਜਗਾਰ ਨੂੰ ਤੇ ਵਿਸਥਾਪਨ ਨੂੰ ਕਿਵੇਂ ਕਰਦੀ ਹੈ ਪ੍ਰਭਾਵਿਤ?

23. ਡਰਤੋ ਤੇ ਸੁੱਟੋ ਸਭਿਆਚਾਰ ਕਿਉਂ ਗਿਆ ਹੈ ਸਿਰਜਿਆ?

24. ਮਦਾਰੀ ਜਲਵਾਯੂ ਦੇ ਬਦਲਾਅ ਨੂੰ ਫਾਇਦੇਮੰਦ ਦੱਸਣ ਤੋਂ ਕਿਉਂ ਰਿਹਾ ਸੀ ਘਬਰਾਅ ?

25. ਕੁੱਝ ਜਾਹਰਾ ਫਾਇਦਿਆਂ ਦੇ ਬਾਵਜੂਦ ਆਲਮੀ ਤਪਸ਼ ਹਕੀਕਤ ਵਿੱਚ ਸੱਚਮੁੱਚ ਫਾਇਦੇਮੰਦ ਕਿਉਂ ਨਹੀਂ ?